# ਕੈਨੇਡਾ ਪੰਜਾਬ ਲਿੰਕ

Merry Christmas

WEEKLY NEWSPAPER VOL.: 09 ISSUE: 52
SATURDAY, 25 DECEMBER, 2021
www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com



MERRY Christmas
And Happy New Year

ਅਦਾਰਾ 'ਪੰਜਾਬ ਲਿੰਕ'
ਵੱਲੋਂ ਸਮੂਹ ਪਾਠਕਾਂ ਅਤੇ ਇਸ਼ਤਿਹਾਰ ਦਾਤਾਵਾਂ ਨੂੰ ਕ੍ਰਿਸਮਿਸ ਦੀਆਂ
ਲੱਖ-ਲੱਖ ਵਧਾਈਆਂ !


# ਓਮੀਕਰੋਨ ਵੈਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਬੀ.ਸੀ. ਵਿਚ ਬਾਰਾਂ ਤੇ ਜਿੰਮ ਬੰਦ

## ਇਨਡੋਰ ਵਿਆਹਾਂ ਤੇ ਹੋਰ ਸਮਾਗਮਾਂ 'ਤੇ ਪਾਬੰਦੀ

ਵਿਕਟੋਰੀਆ-ਬੀ ਸੀ ਸਰਕਾਰ ਨੇ ਦੂਸਰੇ ਸੂਬਿਆਂ ਜਿਹੜੇ ਤੇਜ਼ੀ ਨਾਲ ਫੈਲ ਰਹੇ ਓਮੀਕਰੋਨ ਵੈਰੀਐਂਟ ਨਾਲ ਸੰਘਰਸ਼ ਕਰ ਰਹੇ ਹਨ ਵਿਚ ਜ਼ਿਆਦਾ ਗਿਣਤੀ ਵਿਚ ਲੋਕਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਪਿੱਛੋਂ



ਕੋਵਿਡ-19 ਪਾਬੰਦੀਆਂ ਦਾ ਇਕ ਹੋਰ ਸੈੱਟ ਲਾਗੂ ਕੀਤਾ ਹੈ। ਸੂਬਾ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਮੰਗਲਵਾਰ ਬਾਅਦ ਦੁਪਹਿਰ ਨਵੇਂ ਉਪਾਵਾਂ ਦਾ ਐਲਾਨ ਕਰਦਿਆਂ ਇਕ ਵਾਰ ਫਿਰ ਜਨਤਾ ਦੇ ਸਹਿਯੋਗ ਦੀ ਮੰਗ ਕੀਤੀ ਹੈ ਕਿਉਂਕਿ ਜਿਸ ਤਰ੍ਹਾਂ ਦੀ ਦੂਸਰੇ ਸੂਬੇ ਤੇ ਦੇਸ਼ ਮੁਸ਼ਕਿਲ ਵਾਲੀਆਂ ਸਥਿਤੀਆਂ ਦੀ ਤਸਵੀਰ ਪੇਸ਼ ਕਰ ਰਹੇ ਹਨ ਉਸ ਤਰ੍ਹਾਂ ਦੀ ਬੀਸੀ ਆਉਣ ਵਾਲੇ ਹਫ਼ਤਿਆਂ ਵਿਚ ਆਸ ਕਰ ਸਕਦਾ ਹੈ। ਹੈਨਰੀ ਨੇ ਕਿਹਾ ਕਿ ਉਲਟ ਸਥਿਤੀ ਸਾਨੂੰ ਆਪਣੇ ਆਪ ਬਾਰੇ ਜਾਣੂੰ ਕਰਵਾਉਂਦੀ ਹੈ ਅਤੇ ਬੀਸੀ ਨੇ ਦਿਖਾਇਆ ਹੈ ਕਿ ਅਸੀਂ, ਮਜ਼ਬੂਤ, ਲਚਕਦਾਰ ਤੇ ਇਕ ਦੂਸਰੇ ਦੀ ਸਹਾਇਤਾ ਕਰਨ ਵਾਲੇ ਹਾਂ ਪਰ ਸਾਡਾ ਕੋਵਿਡ-19 ਦਾ ਤੂਫਾਨ ਅਜੇ ਖਤਮ ਨਹੀਂ ਹੋਇਆ। ਤਾਜ਼ਾ ਜਨਤਕ ਸਿਹਤ ਹੁਕਮਾਂ ਤਹਿਤ ਬਾਰਾਂ ਤੇ ਨਾਈਟ ਕਲੱਬ ਬੰਦ ਰਹਿਣਗੇ ਜਦਕਿ ਇਨਡੋਰ ਇਕੱਠ ਕਰਨ 'ਤੇ ਪਾਬੰਦੀ ਲੱਗੇਗੀ ਜਿਵੇਂ ਵਿਆਹਾਂ ਤੇ ਹੌਲੀਡੇ ਪਾਰਟੀਆਂ ਚਾਹੇ ਉਹ ਜਿੱਡੀਆਂ ਮਰਜ਼ੀ ਹੋਣ। ਇਸੇ ਤਰ੍ਹਾਂ ਦੇ ਨਿਯਮ ਘਰਾਂ ਅਤੇ ਵੋਕੇਸ਼ਨ ਰੈਂਟਲਸ ਵਿਖੇ ਨਿੱਜੀ ਇਕੱਠਾਂ 'ਤੇ ਵੀ ਲਾਗੂ ਹੋਣਗੇ ਜਿਹੜੇ ਸੋਮਵਾਰ ਤੋਂ ਲਾਗੂ ਹੋ ਕੇ ਛੁੱਟੀਆਂ ਵਿਚ ਜਾਰੀ ਰਹਿਣਗੇ ਫਿਰ ਵੀ ਬੀਸੀ ਰੈਜ਼ੀਡੈਂਟ ਦੂਸਰੇ ਪਰਿਵਾਰ ਜਾਂ 10 ਮਹਿਮਾਨਾਂ ਨੂੰ ਸੱਦ ਸਕਦੇ ਹਨ ਬਸ਼ਰਤੇ ਕਿ ਹਰ ਕਿਸੇ ਦੇ ਟੀਕਾ ਲੱਗਿਆ ਹੋਵੇ। ਨਵੇਂ ਉਪਾਵਾਂ ਤਹਿਤ ਜਿੰਮਸ, ਫਿਟਨਸ ਸੈਂਟਰ ਅਤੇ ਡਾਂਸ ਸਟੂਡੀਓ ਵੀ ਆਰਜ਼ੀ ਤੌਰ 'ਤੇ ਬੰਦ ਰਹਿਣਗੇ ਅਤੇ ਸਿਨੇਮਾ, ਥੀਏਟਰਸ ਅਤੇ ਖੇਡ ਅਖਾੜਿਆਂ ਵਰਗੀਆਂ ਥਾਵਾਂ 'ਤੇ ਸਮਰਥਾ 50 ਫ਼ੀਸਦੀ ਤਕ ਘਟਾ ਦਿੱਤੀ ਜਾਵੇਗੀ। ਰੈਸਟੋਰਟਸ ਵਿਚ ਇਕ ਮੇਜ਼ 'ਤੇ ਵੱਧ ਤੋਂ ਵੱਧ 6 ਵਿਅਕਤੀ ਬੈਠ ਸਕਣਗੇ ਜਦਕਿ ਸਰੀਰਕ ਦੂਰੀ ਜਾਂ ਰੁਕਾਵਟਾਂ ਲਾਗੂ ਹੋਣਗੀਆਂ ਜਿਹੜੀਆਂ ਮਹਾਂਮਾਰੀ ਵਿਚ ਸ਼ੁਰੂ ਸਮੇਂ ਵਰਤੀਆਂ ਜਾਂਦੀਆਂ ਸਨ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਤਾਜ਼ਾ ਪਾਬੰਦੀਆਂ 23 ਦਸੰਬਰ ਤੋਂ 18 ਜਨਵਰੀ ਤੱਕ ਲਾਗੂ ਕੀਤੀਆਂ ਜਾ ਰਹੀਆਂ ਹਨ।

# ਹੋਪ ਤੇ ਪ੍ਰਿੰਸਟਨ ਵਿਚਕਾਰ ਹਾਈਵੇਅ 3 ਨੂੰ ਬੀਸੀ ਨੇ ਪੂਰੀ ਤਰ੍ਹਾਂ ਦੁਬਾਰਾ ਖੋਲ੍ਹਿਆ

ਵਿਕਟੋਰੀਆ-ਬੀਸੀ ਦੇ ਟਰਾਂਸਪੋਰਟ ਤੇ ਇਨਫਰਾਸਟਰਕਚਰ ਬਾਰੇ ਮੰਤਰਾਲਾ ਨੇ ਮੰਗਲਵਾਰ ਸਵੇਰੇ 8 ਵਜੇ ਹੋਪ ਤੇ ਪ੍ਰਿੰਸਟਨ ਵਿਚਕਾਰ ਹਾਈਵੇਅ 3 'ਤੇ ਲਗਾਈਆਂ ਸਾਰੀਆਂ ਟਰੈਵਲ ਰੁਕਾਵਟਾਂ ਨੂੰ ਹਟਾ ਦਿੱਤਾ ਹੈ। ਪਿਛਲੇ ਮਹੀਨੇ ਢਿੱਗਾਂ ਡਿਗਣ ਤੇ ਹੜ੍ਹਾਂ ਨਾਲ ਕੋਕੀਹੱਲਾ ਹਾਈਵੇਅ ਦਾ ਹਿਸਾ ਨਸ਼ਟ ਹੋ ਜਾਣ ਕਾਰਨ ਰੂਟ ਨੂੰ ਜ਼ੂਰਰੀ ਯਾਤਰਾ ਲਈ ਸੀਮਤ ਕਰ ਦਿੱਤਾ ਸੀ ਪਰ ਅਮਲੇ ਨੇ 24 ਘੰਟੇ ਕੰਮ ਕਰਕੇ ਨਿਰਧਾਰਤ ਸਮੇਂ ਤੋਂ ਹਫ਼ਤੇ ਪਹਿਲਾਂ ਕੋਕੀਹੱਲਾ ਨੂੰ ਮੁੜ ਤੋਂ ਖੋਲ੍ਹ ਦਿੱਤਾ ਹੈ ਜਿਸ ਨਾਲ ਜ਼ਰੂਰੀ ਵਪਾਰਕ ਆਵਾਜਾਈ ਇਕ ਵਾਰ ਫਿਰ ਬਹਾਲ ਹੋ ਗਈ ਹੈ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY
FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#116-8028 128 St (Little India Plaza), Surrey



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey



HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਾਂ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

> "Simpson, Thomas & Associates are a legal dream team. No other law firm could have fought this claim as it takes a lot of resources to fight a case of this nature."
>
> – Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

> "Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
>
> – B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 52 SATURDAY, 25 DECEMBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store · Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਖਿਲਾਫ ਐਫ. ਆਈ. ਆਰ. ਦਰਜ ਕਰਨ ਉਪਰੰਤ ਗ੍ਰਿਫ਼ਤਾਰੀ ਲਈ ਲੁੱਕ ਆਊਟ ਨੋਟਿਸ ਜਾਰੀ

## • ਮਜੀਠੀਆ ਖਿਲਾਫ ਕਾਰਵਾਈ ਕਨੂੰਨ ਮੁਤਾਬਿਕ-ਚੰਨੀ • ਅਕਾਲੀ ਦਲ ਵੱਲੋਂ ਬਦਲਾਖੋਰੀ ਕਾਰਵਾਈ ਕਰਾਰ



ਮੁਹਾਲੀ (ਦਰਸ਼ਨ ਸਿੰਘ ਸੋਢੀ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਇਕ ਦਿਨ ਪਹਿਲਾਂ ਨਸ਼ਾ ਤਸਕਰੀ ਦੇ ਮਾਮਲੇ 'ਚ ਐੱਫਆਈਆਰ ਦਰਜ ਕੀਤੇ ਜਾਣ ਮਗਰੋਂ ਪੰਜਾਬ ਪੁਲੀਸ ਨੇ ਉਸ ਖ਼ਿਲਾਫ਼ ਲੁੱਕ ਆਊਟ ਨੋਟਿਸ ਜਾਰੀ ਕਰ ਦਿੱਤਾ ਹੈ। ਕੇਸ ਦਰਜ ਹੋਣ ਬਾਅਦ ਅਕਾਲੀ ਆਗੂ ਰੂਪੋਸ਼ ਹੋ ਗਿਆ ਹੈ ਅਤੇ ਉਸ ਦਾ ਮੋਬਾਈਲ ਫੋਨ ਵੀ ਬੰਦ ਹੈ। ਸੂਬਾ ਸਰਕਾਰ ਅਤੇ ਪੁਲੀਸ ਨੂੰ ਮਜੀਠੀਆ ਦੇ ਵਿਦੇਸ਼ ਭੱਜਣ ਦਾ ਖ਼ਦਸ਼ਾ ਹੈ। ਪੰਜਾਬ ਸਮੇਤ ਦੇਸ਼ ਦੇ ਸਾਰੇ ਹਵਾਈ ਅੱਡਿਆਂ, ਬੰਦਰਗਾਹਾਂ, ਰੇਲਵੇ ਸਟੇਸ਼ਨਾਂ ਅਤੇ ਹੋਰ ਪ੍ਰਮੁੱਖ ਥਾਵਾਂ 'ਤੇ ਮਜੀਠੀਆ ਦੀ ਫੋਟੋ ਨਾਲ ਅਲਰਟ ਜਾਰੀ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਬਿਕਰਮ ਮਜੀਠੀਆ ਪਰਚਾ ਦਰਜ ਹੋਣ ਤੋਂ ਤੁਰੰਤ ਬਾਅਦ ਹੀ ਪੰਜਾਬ 'ਚੋਂ ਬਾਹਰ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚ ਗਏ ਹਨ। ਪੁਲੀਸ ਅਤੇ ਖ਼ੁਫ਼ੀਆ ਏਜੰਸੀਆਂ ਨੇ ਮਜੀਠੀਆ ਦੀ ਪੈੜ ਨੱਪਣ ਲਈ ਯਤਨ ਤੇਜ਼ ਕਰ ਦਿੱਤੇ ਹਨ। ਪੁਲੀਸ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂਆਂ, ਮਜੀਠੀਆ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਹੈ ਕਿ ਅਕਾਲੀ ਆਗੂ ਮਜੀਠੀਆ ਬਹੁਤ ਜਲਦੀ ਹਵਾਲਾਤ ਵਿੱਚ ਬੰਦ ਨਜ਼ਰ ਆਉਣਗੇ। ਪੰਜਾਬ ਸਰਕਾਰ ਵੱਲੋਂ ਏਆਈਜੀ ਬਲਰਾਜ ਸਿੰਘ, ਡੀਐੱਸਪੀ ਰਾਜੇਸ਼ ਕੁਮਾਰ ਅਤੇ ਕੁਲਵੰਤ ਸਿੰਘ 'ਤੇ ਆਧਾਰਿਤ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਗਈ ਹੈ। ਸਿਟ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਲਈ ਮੰਗਲਵਾਰ ਦੇਰ ਰਾਤ ਤੋਂ ਹੀ 16 ਤੋਂ ਵਧ ਥਾਵਾਂ 'ਤੇ ਛਾਪੇ ਮਾਰੇ ਗਏ ਹਨ। ਹਾਲੇ ਤੱਕ ਮਜੀਠੀਆ ਪੁਲੀਸ ਦੇ ਹੱਥ ਨਹੀਂ ਲੱਗਿਆ ਹੈ। ਮਜੀਠੀਆ ਦੀ (ਬਾਕੀ ਸਫ਼ਾ 10 'ਤੇ)

## ਮਜੀਠੀਆ ਨੂੰ ਭੱਜਣ ਨਹੀਂ ਦਿਆਂਗੇ-ਚੰਨੀ



ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਸਰਕਾਰ ਨੇ ਕਾਨੂੰਨ ਅਨੁਸਾਰ ਕਾਰਵਾਈ ਕਰਦਿਆਂ ਬਿਕਰਮ ਸਿੰਘ ਮਜੀਠੀਆ ਖਿਲਾਫ਼ ਕੇਸ ਦਰਜ ਕੀਤਾ ਹੈ ਅਤੇ ਪੁਲੀਸ ਉਸ ਨੂੰ ਭੱਜਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਫੜਨ ਲਈ ਹਵਾਈ ਅੱਡਿਆਂ 'ਤੇ ਚੌਕਸੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਥੇ ਅਨਾਜ ਮੰਡੀ 'ਚ ਕਾਂਗਰਸ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਜਲਦੀ ਹੀ ਬੇਅਦਬੀ ਕਰਨ ਅਤੇ ਕਰਵਾਉਣ ਵਾਲੇ ਬਾਦਲਾਂ ਤੱਕ ਪਹੁੰਚ ਕਰਕੇ ਕਾਰਵਾਈ ਕੀਤੀ ਜਾਵੇਗੀ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਜੰਮ ਕੇ (ਬਾਕੀ ਸਫ਼ਾ 10 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey


HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਹੌਲੀਡੇ ਸ਼ਟਡਾਉਨ ਤੋਂ ਪ੍ਰੇਸ਼ਾਨ ਹਨ ਬੀਸੀ ਦੇ ਛੋਟੇ ਕਾਰੋਬਾਰੀ

ਵੈਨਕੂਵਰ-ਪਾਬੰਦੀਆਂ ਦੇ ਤਾਜ਼ਾ ਦੌਰ ਤੋਂ ਛੋਟੇ ਕਾਰੋਬਾਰਾਂ ਦੇ ਮਾਲਕ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ ਅਤੇ ਉਹ ਹੈਰਾਨ ਹਨ ਕਿ ਕਦੋਂ ਸਹਾਇਤਾ ਉਪਲਬਧ ਹੋਵੇਗੀ। ਕਬਾਨਾ ਲੌਂਜ ਦੇ ਮਾਲਕ ਡੇਵ ਕੇਰਸ਼ੋ ਨੇ ਮੰਗਲਵਾਰ ਦਾ ਸਾਰਾ ਦਿਨ ਗਾਹਕਾਂ ਨੂੰ ਟਿਕਟਾਂ ਦੇ ਪੈਸਿਆਂ ਦੀ ਵਾਪਸੀ 'ਤੇ ਗੁਜ਼ਾਰਿਆ ਜਿਹੜੀਆਂ ਉਨ੍ਹਾਂ ਨੇ ਨਵੇਂ ਸਾਲ ਦੇ ਮੌਕੇ 'ਤੇ ਪਾਰਟੀ ਲਈ ਉਸ ਦੇ ਵੈਨਕੂਵਰ ਕਲੱਬ ਲਈ ਖਰੀਦੀਆਂ ਸਨ। ਕੇਰਸ਼ੋ ਦਾ ਗਰੈਨਵਿਲ ਸਟਰੀਟ ਨਾਈਟਸਪੋਟੇ ਸਮਰਥਾ ਪਾਬੰਦੀਆਂ ਅਤੇ ਨਾਚ 'ਤੇ ਪਾਬੰਦੀ ਸਮੇਤ ਸਾਰੀਆਂ ਮਹਾਂਮਾਰੀ ਸ਼ਰਤਾਂ ਦੇ ਅਨੁਕੂਲ ਸੀ ਪਰ ਮੰਗਲਵਾਰ ਬਾਰਾਂ ਤੇ ਨਾਈਟਕਲੱਬ ਬੰਦ ਕਰਨ ਸਮੇਤ ਹੋਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਕੇਰਸ਼ੋ ਤੇ ਦੂਸਰੇ ਛੋਟੇ ਕਾਰੋਬਾਰੀ ਮਾਲਕਾਂ ਨੂੰ 18 ਜਨਵਰੀ ਤਕ ਬਾਰਾਂ, ਜਿੰਮ, ਡਾਂਸ ਸਟੂਡੀਓ ਬੰਦ ਕਰਨ ਅਤੇ ਵਿਆਹ ਪਾਰਟੀਆਂ ਸਮੇਤ ਇਨਡੋਰ ਇਕੱਠਾਂ 'ਤੇ ਪਾਬੰਦੀ ਦੀ ਜਾਣਕਾਰੀ ਦੇ ਨਾਲ ਹੋਰ ਜਾਣਕਾਰੀ ਨਹੀਂ ਮਿਲੀ ਜਿਸ ਨੂੰ ਉਹ ਸੁਣਨਾ ਚਾਹੁੰਦੇ ਸੀ। ਇਹ ਜਾਣਕਾਰੀ ਸੀ ਕਿ ਉਹ ਪਾਬੰਦੀਆਂ ਦੇ ਇਕ ਦੂਸਰੇ ਦੌਰ ਵਿਚ ਸਰਵਾਈਵ ਕਰਨ ਦੀ ਕਿਵੇਂ ਆਸ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੇਰੇ ਖਿਆਲ ਵਿਚ ਕਿਰਾਇਆ, ਮੁੱਖ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਬੀਮੇ ਨੂੰ ਕਵਰ ਕਰਨ ਲਈ ਕਿਸੇ ਨਾ ਕਿਸੇ ਕਿਸਮ ਦੀ ਸਹਾਇਤਾ ਦੀ ਲੋੜ ਹੈ। ਕਬਾਨਾ ਲੌਂਜ ਦਾ ਮਹੀਨੇ ਦਾ ਕਿਰਾਇਆ 28000 ਡਾਲਰ ਹੈ ਅਤੇ ਉਸ ਦਾ ਅਨੁਮਾਨ ਹੈ ਕਿ ਤਾਜ਼ਾ ਪਾਬੰਦੀਆਂ ਉਸ ਦੇ ਕਾਰੋਬਾਰ ਲਈ 2 ਲੱਖ ਡਾਲਰ ਦਾ ਨੁਕਸਾਨ ਕਰਨਗੀਆਂ। ਭਾਵੇਂ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਕਿਹਾ ਕਿ ਬੀਸੀ ਦੀ ਕੋਵਿਡ ਕਮੇਟੀ ਸਹਾਇਤਾ ਦੇ ਸਵਾਲ ਦੇ ਹੱਲ ਲਈ ਮੀਟਿੰਗ ਕਰੇਗੀ ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ।












TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services

- LMIA • PNP
- Express Entry
- Student Visa
- Study Permit
- Work Permit
- Visitor Visa
- Family Sponsorship
- Super Visa
- Permanent Resident
- Citizenship

MOVED TO NEW LOCATION

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਫੈਮਲੀ ਸਪਾਂਸਰਸ਼ਿਪ
- ਵਿਜ਼ਟਰ ਵੀਜ਼ਾ
- ਸੱਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਪੀ.ਆਰ
- ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9

Meet the best in our team of specialist and let help you get to where you want to go.

RUPINDER KAUR 604-518-2577
TEJINDER GREWAL 604-837-3101
License No. 562



MORTGAGE
If you are paying more than
1.30%*
(5 Years VIRM 30 Years Ammortization)
Purchase / Renewal / Refinance
*Call us now for the better rates!*
*Raj Gill has*
"NO STRESS MORTGAGE"

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca



JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker Covers You Best
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE

HOUSE INSURANCE
UP TO
65%
DISCOUNT
AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP
• Visitor • Super Visa

Ask for Special Rate for
Super Visa Insurance
Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available

## 20 ਮਹੀਨਿਆਂ ਦੀ ਜਾਂਚ ਪਿੱਛੋਂ 70 ਸਾਲਾ ਵਿਅਕਤੀ 'ਤੇ ਬਾਲ ਪੋਰਨੋਗ੍ਰਾਫੀ ਦੇ ਦੋਸ਼

ਵੈਨਕੂਵਰ-ਸਰੀ ਦੇ ਇਕ 70 ਸਾਲਾ ਵਿਅਕਤੀ ਸੰਤ ਮਾਂਗਟ ਨੂੰ 20 ਮਹੀਨਿਆਂ ਦੀ ਪੁਲਿਸ ਜਾਂਚ ਪਿੱਛੋਂ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਦੇ ਖਿਲਾਫ ਬਾਲ ਪੋਰਨੋਗ੍ਰਾਫੀ ਨਾਲ ਸਬੰਧਤ ਦੋਸ਼ ਲਗਾਏ ਗਏ ਹਨ। ਬੀਸੀ ਦੇ ਇੰਟੀਗਰੇਟਿਡ ਚਾਈਲਡ ਐਕਸਪੋਲਾਇਟੇਸ਼ਨ ਯੂਨਿਟ (ਬੀਸੀ ਆਈਸੀਈ) ਮਾਰਚ 2020 ਤੋਂ ਸੰਤ ਮਾਂਗਟ ਖਿਲਾਫ ਆਨਲਾਈਨ ਜਾਂਚ ਕਰ ਰਿਹਾ ਹੈ। ਉਸ ਨੂੰ 15 ਦਸੰਬਰ ਨੂੰ ਬਿਨ੍ਹਾਂ ਕਿਸੇ ਘਟਨਾ ਦੇ ਗ੍ਰਿਫਤਾਰ ਕੀਤਾ ਗਿਆ ਸੀ ਪਰ ਉਸ ਸਮੇਂ ਹੀ ਉਸ ਨੂੰ ਸਖਤ ਸ਼ਰਤਾਂ ਤਹਿਤ ਹਿਰਾਸਤ ਵਿਚੋਂ ਰਿਹਾਅ ਕਰ ਦਿੱਤਾ ਗਿਆ। ਉਸ ਜਾਂਚ ਦੇ ਨਤੀਜੇ ਢੁਕਵੇਂ ਦੋਸ਼ਾਂ ਬਾਰੇ ਵਿਚਾਰ ਕਰਨ ਲਈ ਬੀਸੀ ਦੀ ਪ੍ਰੌਸੀਕਿਊਸ਼ਨ ਨੂੰ ਸੌਂਪ ਦਿੱਤੇ ਗਏ ਸਨ। ਦੋਸ਼ 13 ਦਸੰਬਰ ਨੂੰ ਲਗਾਏ ਗਏ ਅਤੇ ਉਹ ਸਰੀ ਦੀ ਪ੍ਰੋਵਿੰਸ਼ੀਅਲ ਅਦਾਲਤ ਵਿਚ 4 ਜਨਵਰੀ ਨੂੰ ਪੇਸ਼ ਹੋਵੇਗਾ। ਮਾਂਗਟ ਖਿਲਾਫ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਭਰਮਾਉਣ ਲਈ ਟੈਲੀਕਮਿਊਨੀਕੇਟ ਦੇ ਵਰਤੋਂ ਅਤੇ ਬਾਲ ਪੋਰਨੋਗ੍ਰਾਫੀ ਕੋਲ ਰੱਖਣ ਦਾ ਇਕ ਦੋਸ਼ ਲਗਾਇਆ ਗਿਆ ਹੈ। ਜੇਕਰ ਕਿਸੇ ਕੋਲ ਇਸ ਸਬੰਧੀ ਜਾਣਕਾਰੀ ਹੋਵੇ ਜੰ ਬਾਲ ਜਿਨਸੀ ਸ਼ੋਸ਼ਣ ਦੇ ਕਿਸੇ ਹੋਰ ਮਾਮਲੇ ਵਿਚ ਸ਼ਾਮਿਲ ਹੋਵੇ ਤਾਂ ਅਸੀਂ ਉਨ੍ਹਾਂ ਨੂੰ ਆਪਣੇ ਸੂਬੇ ਦੀ ਪੁਲਿਸ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

## ਸੜਕ ਦੁਰਘਟਨਾ 'ਚ ਦੋ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ

ਵਿਕਟੋਰੀਆ-ਐਤਵਾਰ ਰਾਤ ਵੈਸਟਹੈਮ ਆਈਲੈਂਡ ਬਰਿਜ ਨੇੜੇ ਇਕ ਟਰੱਕ ਦੇ ਪਲਟੀਆਂ ਖਾਣ ਕਾਰਨ ਦੋ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਡੀਪੀਡੀ ਦੀ ਪ੍ਰੈਸ ਰਿਲੀਜ਼ ਮੁਤਾਬਿਕ 20 ਦਸੰਬਰ ਦੀ ਅੱਧੀ ਰਾਤ ਤੋਂ ਡੈਲਟਾ ਪੁਲਿਸ ਨੂੰ ਰਿਵਰ ਰੋਡ ਵੈਸਟ ਦੇ 3500 ਬਲਾਕ ਵਿਚ ਇਕ ਟਰੱਕ ਦੇ ਦੁਰਘਟਨਾ ਗ੍ਰਸਤ ਹੋਣ ਦੀ ਰਿਪੋਰਟ ਮਿਲੀ। ਪੁਲਿਸ ਮੁਤਾਬਿਕ ਦੁਰਘਟਨਾ ਦਾ ਕਾਰਨ ਤੇਜ਼ ਰਫ਼ਤਾਰ ਹੋਣ ਦਾ ਸ਼ੱਕ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਕਿ ਟਰੱਕ ਦਾ ਡਰਾਈਵਰ ਮੋੜ 'ਤੇ ਟਰੱਕ ਦਾ ਸੰਤੁਲਨ ਖੋਹ ਬੈਠਾ ਅਤੇ ਟਰੱਕ ਕਈ ਪਲਟੀਆਂ ਖਾ ਗਿਆ। ਬਦਕਿਸਮਤੀ ਨਾਲ ਡਰਾਈਵਰ ਤੇ ਪੈਸੰਜਰ ਦੁਰਘਟਨਾ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਦੋਵੇਂ ਡੈਲਟਾ ਵਾਸੀ ਹਨ। ਉਂਜ ਸੱਟਾਂ ਨਾਲ ਉਨ੍ਹਾਂ ਦੀ ਜਿੰਦਗੀ ਨੂੰ ਕੋਈ ਖ਼ਤਰਾ ਨਹੀਂ। ਡੀਪੀਡੀ ਪਬਲਿਕ ਮਾਮਲਿਆਂ ਬਾਰੇ ਮੈਨਜੇਰ ਕਰਿਸ ਲੇਅਕੌਂਫ ਨੇ ਕਿਹਾ ਕਿ ਅਸੀਂ ਚਸ਼ਮਦੀਦਾਂ ਦਾ ਧੰਨਵਾਦ ਕਰਨਾ ਚਾਹਾਂਗੇ ਜਿਹੜੇ ਮੌਕੇ 'ਤੇ ਪੁੱਜੇ ਤੇ ਪੀੜਤਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਮਦਦ ਲਈ ਸੱਦਾ ਦਿੱਤਾ ਅਤੇ ਪੁਲਿਸ ਨੂੰ ਜਾਣਕਾਰੀ ਦੇਣ ਲਈ ਮੌਕੇ 'ਤੇ ਮੌਜੂਦ ਰਹੇ।

# ਕੋਵਿਡ-19 ਰੈਪਿਡ ਐਂਟੀਜਨ ਟੈਸਟਾਂ ਨੂੰ ਆਨਲਾਈਨ ਮਹਿੰਗੇ ਭਾਅ ਵੇਚਣ ਵਾਲਿਆਂ ਖਿਲਾਫ ਕਾਰਵਾਈ ਹੋਵੇਗੀ

ਟੋਰਾਂਟੋ-ਓਨਟਾਰੀਓ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਵਿਅਕਤੀਆਂ ਜਾਂ ਕੰਪਨੀਆਂ ਖਿਲਾਫ ਕਾਰਵਾਈ ਕਰੇਗੀ ਜਿਹੜੇ ਕਾਫੀ ਜ਼ਿਆਦਾ ਕੀਮਤਾਂ 'ਤੇ ਕੋਵਿਡ-19 ਰੈਪਿਡ ਐਂਟੀਜਨ ਟੈਸਟਸ ਆਨਲਾਈਨ ਵੇਚਣ ਦੀ ਕੋਸ਼ਿਸ਼ ਕਰਦੇ ਹਨ।




ਸਰਕਾਰ ਤੇ ਕੰਜ਼ਿਊਮਰ ਸੇਵਾਵਾਂ ਬਾਰੇ ਮੰਤਰੀ ਰੌਸ ਰੋਮਾਨੋ ਨੇ ਮੰਗਲਵਾਰ ਇਹ ਐਲਾਨ ਕਰਦਿਆਂ ਕਿਹਾ ਕਿ ਸੂਬਾ ਉਨ੍ਹਾਂ ਲੋਕਾਂ ਦੀ ਪਛਾਣ ਕਰਨ, ਪਤਾ ਲਾਉਣ ਤੇ ਜ਼ੁਰਮਾਨਾ ਕਰਨ ਲਈ ਕੰਮ ਕਰ ਰਿਹਾ ਹੈ ਜਿਹੜੇ ਜ਼ਰੂਰੀ ਵਸਤਾਂ ਲਈ ਗੈਰਵਾਜਬ ਕੀਮਤਾਂ ਵਸੂਲ ਰਹੇ ਹਨ। ਰੋਮਾਨੋ ਨੇ ਇਕ ਬਿਆਨ ਵਿਚ ਕਿਹਾ ਕਿ ਉਸ ਸਮੇਂ ਜਦੋਂ ਓਨਟਾਰੀਓ ਪਰਿਵਾਰ ਕੋਵਿਡ-19 ਖਿਲਾਫ ਸੁਰੱਖਿਆ ਦੀ ਇਕ ਵਾਧੂ ਪਰਤ ਲਈ ਰੈਪਿਡ ਐਂਟੀਜਨ ਟੈਸਟ ਵੱਲ ਮੁੜ ਰਹੇ ਹਨ ਤਾਂ ਇਹ ਦੇਖਣਾ ਅਫਸੋਸਨਾਕ ਹੈ ਕਿ ਮਾੜੇ ਤੱਤ ਸੂਬਾ ਸਰਕਾਰ ਵਲੋਂ ਮੁਫਤ ਵਿਚ ਮੁਹੱਈਆ ਕੀਤੀਆਂ ਟੈਸਟ ਕਿੱਟਾਂ ਨੂੰ ਮੁੜ ਵੇਚ ਰਹੇ ਹਨ। ਇਹ ਰਿਪੋਰਟਾਂ ਮਿਲੀਆਂ ਹਨ ਕਿ ਕੁਝ ਲੋਕ ਰੈਪਿਡ ਐਂਟੀਜਨ ਟੈਸਟ ਕਿੱਟਾਂ ਆਨਲਾਈਨ ਸੈਂਕੜੇ ਡਾਲਰਾਂ ਵਿਚ ਵੇਚ ਰਹੇ ਹਨ ਜਿਹੜੀ 20 ਮਿੰਟ ਵਿਚ ਪਾਜ਼ੇਟਿਵ ਜਾਂ ਨੈਗੇਟਿਵ ਨਤੀਜੇ ਮੁਹੱਈਆ ਕਰਦੀ ਹੈ। ਕਰੈਗਲਿਸਟ ਵਰਗੀਆਂ ਸਾਈਟਾਂ 'ਤੇ ਕੋਵਿਡ-19 ਰੈਪਿਡ ਐਂਟੀਜਨ ਟੈਸਟਸ ਪੈਕ 90 ਡਾਲਰ ਤੋਂ ਲੈ ਕੇ 350 ਡਾਲਰ ਤਕ ਵੇਚਣ ਬਾਰੇ ਇਸ਼ਤਿਹਾਰ ਦੀਆਂ ਕਈ ਪੋਸਟਾਂ ਸਨ। ਰੋਮਾਨੋ ਮੁਤਾਬਿਕ ਰੈਪਿਡ ਐਂਟੀਜਨ ਟੈਸਟ ਕੀਮਤਾਂ ਵਿਚ ਵਾਧੇ ਸਬੰਧੀ ਸਭ ਤੋਂ ਗੰਭੀਰ ਸ਼ਿਕਾਇਤਾਂ ਵਿਚੋਂ 900 ਪੂਰੇ ਸੂਬੇ ਵਿਚ ਪੁਲਿਸ ਬਲਾਂ ਨੂੰ ਭੇਜੀਆਂ ਗਈਆਂ ਹਨ। ਜੇਕਰ ਕੋਈ ਵਿਅਕਤੀ ਕਿੱਟ ਨੂੰ ਮੁੜ ਵੇਚਦਾ ਕਾਬੂ ਆ ਗਿਆ ਤਾਂ ਉਸ ਨੂੰ 750 ਡਾਲਰ ਜ਼ੁਰਮਾਨਾ ਹੋਵੇਗਾ। ਜੇਕਰ ਅਦਾਲਤ ਵਿਚ ਲਿਜਾ ਕੇ ਸਜ਼ਾ ਦਿਵਾਈ ਗਈ ਤਾਂ ਜ਼ੁਰਮਾਨਾ ਇਕ ਲੱਖ ਡਾਲਰ ਤਕ ਪਹੁੰਚ ਸਕਦਾ ਹੈ ਅਤੇ ਇਕ ਸਾਲ ਤਕ ਕੈਦ ਹੋ ਸਕਦੀ ਹੈ। ਕੰਪਨੀ ਡਾਇਰੈਕਟਰਾਂ ਨੂੰ 5 ਲੱਖ ਡਾਲਰ ਤੇ ਕਾਰਪੋਰੇਟਰਸ ਜੇਕਰ ਦੋਸ਼ੀ ਠਹਿਰਾਏ ਗਏ ਤਾਂ ਇਕ ਕਰੋੜ ਡਾਲਰ ਤਕ ਜ਼ੁਰਮਾਨਾ ਹੋ ਸਕਦਾ ਹੈ।

## ਐਮਐਲਏ ਡਾਂਗ ਨੇ ਆਰਸੀਐਮਪੀ ਵਲੋਂ ਉਸ ਦੇ ਘਰ ਦੀ ਤਲਾਸ਼ੀ ਲੈਣ ਪਿੱਛੋਂ ਐਨਡੀਪੀ ਕੌਕਸ ਤੋਂ ਦਿੱਤਾ ਅਸਤੀਫਾ

ਐਡਮਿੰਟਨ-ਐਡਮਿੰਟਨ-ਸਾਊਥ ਐਮਐਲਏ ਨੇ ਐਨਡੀਪੀ ਕੌਕਸ ਤੋਂ ਅਸਤੀਫਾ ਦੇ ਦਿੱਤਾ ਹੈ ਜਦਕਿ ਆਰਸੀਐਮਪੀ ਉਸ ਦੀ ਸ਼ਮੂਲੀਅਤ ਬਾਰੇ ਜਾਂਚ ਕਰ ਰਹੀ ਹੈ। ਉਸ ਨੇ ਇਕ ਬਿਆਨ ਵਿਚ ਦੱਸਿਆ ਕਿ ਆਰਸੀਐਮਪੀ ਵਲੋਂ ਉਸ ਦੇ ਘਰ ਤਲਾਸ਼ੀ ਵਾਰੰਟ ਦੀ ਤਾਮੀਲ ਕਰਨ ਪਿੱਛੋਂ ਉਸ ਨੇ ਅਸਤੀਫਾ ਦੇ ਦਿੱਤਾ ਹੈ। ਪੁਲਿਸ ਵਲੋਂ ਤਲਾਸ਼ੀ ਲੈਣ ਸਮੇਂ ਉਹ ਘਰ ਤੋਂ ਬਾਹਰ ਸੀ। ਡਾਂਗ ਨੇ ਕਿਹਾ ਕਿ ਮੇਰਾ ਮੰਨਣਾ ਕਿ ਅਲਬਰਟਾ ਸਰਕਾਰ ਦੀ ਵੈੱਬਸਾਈਟ 'ਤੇ ਕੋਵਿਡ-19 ਟੀਕਾਕਰਣ ਰਿਕਾਰਡ ਨਾਲ ਕਮਜ਼ੋਰੀਆ ਦੇ ਸਬੰਧ ਵਿਚ ਵਾਰੰਟ ਤਾਮੀਲ ਕੀਤਾ ਗਿਆ ਹੈ। ਸਤੰਬਰ ਵਿਚ ਲੈਜਿਸਲੇਚਰ ਅਸੰਬਲੀ ਦੇ ਮੈਂਬਰ ਵਜੋਂ ਉਨ੍ਹਾਂ ਨੇ ਟੀਕਾਕਰਣ ਰਿਕਾਰਡ ਪ੍ਰਣਾਲੀ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ ਸੀ। ਉਸ ਨੇ ਇਨ੍ਹਾਂ ਚਿੰਤਾਵਾਂ ਦੀ ਜਾਂਚ ਕੀਤੀ ਸੀ ਤੇ ਪਾਇਆ ਕਿ ਸੁਰੱਖਿਆ ਖਾਮੀ ਮੌਜੂਦ ਹੈ।

## ਲੈਂਗਲੀ ਦੀ ਅਧਿਆਪਕਾ ਦੀ ਮੌਤ ਲਈ ਪਤੀ ਖ਼ਿਲਾਫ਼ ਦੋਸ਼ ਆਇਦ

ਸਰੀ-ਲੈਂਗਲੀ, ਬੀਸੀ ਦੀ ਸਕੂਲ ਅਧਿਆਪਕਾ ਨਾਓਮੀ ਓਨੋਟੇਰਾ ਦੀ ਮੌਤ ਦੇ ਸਬੰਧ ਵਿਚ ਉਸ ਦੇ ਪਤੀ ਖਿਲਾਫ ਲਗਾਏ ਦੋਸ਼ਾਂ ਪਿੱਛੋਂ ਉਹ ਪਹਿਲੀ ਵਾਰ ਅਦਾਲਤ ਸਾਹਮਣੇ ਪੇਸ਼ ਹੋਇਆ। 49 ਸਾਲਾ ਓਬਨੇਸ ਰੇਜਿਸ ਸਰੀ ਸੂਬਾ ਅਦਾਲਤ ਵਿਚ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਇਆ। ਉਸ ਉੱਪਰ ਆਪਣੀ ਪਤਨੀ ਦੀ ਮੌਤ ਲਈ ਮੈਨਸਲਾਟਰ ਅਤੇ ਮਾਨਵੀ ਕੰਕਾਲਾਂ ਦਾ ਅਪਮਾਨ ਕਰਨ ਦੇ ਦੋਸ਼ ਲਗਾਏ ਗਏ ਹਨ ਜਿਹੜੀ ਛੋਟੀ ਬੱਚੀ ਦੀ ਮਾਂ ਵੀ ਸੀ। ਦੋਸ਼ਾਂ ਦਾ ਐਲਾਨ ਓਨੋਟੇਰਾ ਦੇ ਲਾਪਤਾ ਹੋਣ ਤੋਂ ਤਿੰਨ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਪਿੱਛੋਂ ਵੀਕਐਂਡ ਵਿਚ ਕੀਤਾ ਗਿਆ। ਪੁਲਿਸ ਪਿਛਲੇ ਹਫ਼ਤੇ ਲੈਂਗਲੀ ਘਰ ਆਈ ਸੀ। ਅਦਾਲਤ ਵਿਚ ਪੇਸ਼ੀ ਦੌਰਾਨ ਰੇਗਿਸ ਨੇ ਸੰਗਤਰੀ ਰੰਗ ਦਾ ਕੈਦੀਆਂ ਵਾਲਾ ਸਵੈਟਰ ਅਤੇ ਫੇਸ ਮਾਸਕ ਪਹਿਨਿਆਂ ਹੋਇਆ ਸੀ। ਉਹ ਸਿਰਫ ਆਪਣੇ ਨਾਂਅ ਦੀ ਪੁਸ਼ਟੀ ਕਰਨ ਲਈ ਅਦਾਲਤ ਸਾਹਮਣੇ ਬੋਲਿਆ। ਉਹ ਹਿਰਾਸਤ ਵਿਚ ਰਹੇਗਾ ਅਤੇ ਉਸ ਨੂੰ ਫਿਰ 23 ਦਸੰਬਰ ਨੂੰ ਪੇਸ਼ ਕੀਤਾ ਜਾਵੇਗਾ। ਪੁਲਿਸ ਨੇ ਪਹਿਲਾਂ ਕਿਹਾ ਸੀ ਉਸ ਦੇ ਪਤੀ ਨੇ 28 ਅਗਸਤ ਨੂੰ ਓਨੋਟੇਰਾ ਦੇ ਘਰੋਂ ਜਾਣ ਸਮੇਂ ਉਸ ਨੂੰ ਆਖਰੀ ਵਾਰ ਦੇਖਿਆ ਸੀ ਪਰ ਉਸ ਦੀ ਮਾਂ ਨੇ ਅਗਲੇ ਦਿਨ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ। ਓਨੋਟੇਰਾ ਸਰੀ ਦੇ ਕੇਟਜ਼ੀ ਐਲੀਮੈਂਟਰੀ ਸਕੂਲ ਵਿਚ ਟੀਚਰ-ਲਾਇਬਰੇਰੀਅਨ ਵਜੋਂ ਕੰਮ ਕਰਦੀ ਸੀ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਕਿਸਾਨ ਅੰਦੋਲਨ ਦੀ ਜਿੱਤ 'ਚੋਂ ਉਪਜੇ ਜਜ਼ਬੇ ਨੂੰ ਸਮਝਦਿਆਂ....

# ਪੰਜਾਬ ਵਿਖਾਏਗਾ ਦੇਸ਼ ਨੂੰ ਰਸਤਾ...?


**ਸੁਖਵਿੰਦਰ ਸਿੰਘ ਚੋਹਲਾ**

ਖਬਰ ਹੈ ਕਿ ਭਾਰਤੀ ਮੁਖ ਚੋਣ ਕਮਿਸ਼ਨਰ ਦੀ ਅਗਵਾਈ ਹੇਠ ਆਈ ਤਿੰਨ ਮੈਂਬਰੀ ਟੀਮ ਵਲੋਂ ਪੰਜਾਬ ਦਾ ਦੌਰਾ ਕਰਦਿਆਂ ਚੋਣ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਹੈ। ਚੋਣ ਕਮਿਸ਼ਨ ਦੀ ਪੁੱਜੀ ਇਸ ਟੀਮ ਵਲੋਂ ਵੱਖ ਵੱਖ ਪੱਧਰ ਦੀਆਂ ਮੀਟਿੰਗਾਂ ਤੋਂ ਸੰਕੇਤ ਸਪੱਸ਼ਟ ਹਨ ਕਿ ਪੰਜਾਬ ਚੋਣਾਂ ਦਾ ਐਲਾਨ ਹੋਣ ਵਾਲਾ ਹੈ। ਸਮਝਿਆ ਜਾਂਦਾ ਹੈ ਕਿ ਦਸੰਬਰ ਦੇ ਆਖਰੀ ਹਫਤੇ ਤੱਕ ਚੋਣ ਕਮਿਸ਼ਨ ਪੰਜ ਰਾਜਾਂ ਦੀਆਂ ਚੋਣਾਂ ਸਮੇਤ ਪੰਜਾਬ ਚੋਣਾਂ ਦਾ ਐਲਾਨ ਕਰ ਦੇਵੇਗਾ ਜਿਸ ਨਾਲ ਜਿਥੇ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ ਉਥੇ ਸੱਤਾਧਾਰੀ ਪਾਰਟੀ ਦੇ ਵਿਕਾਸ ਕਾਰਜਾਂ ਤੇ ਐਲਾਨਾਂ ਉਪਰ ਬਰੇਕਾਂ ਲੱਗ ਜਾਣਗੀਆਂ ਅਤੇ ਸਿਆਸੀ ਪਾਰਟੀਆਂ ਤੇ ਆਗੂ ਸੱਤਾ ਦੀ ਜੰਗ ਲਈ ਆਖਰੀ ਦੌੜ ਸ਼ੁਰੂ ਕਰਨਗੇ। ਵਾਅਦਿਆਂ ਦੇ ਲਾਰਿਆਂ ਦੇ ਹੋਕੇ ਹੋਰ ਉਚੇ ਹੋਣਗੇ। ਨਵੇ ਜੋੜ ਤੋੜ ਹੋਣਗੇ। ਪੰਜਾਬ ਨੂੰ ਬਚਾਉਣ ਦੇ ਨਾਅਰਿਆਂ ਤੇ ਧਰਮ ਨੂੰ ਖਤਰੇ ਦੇ ਡਰਾਵਿਆਂ ਦੌਰਾਨ ਸਿਆਸਤ ਦਾ ਕਾਰੋਬਾਰ ਲੋਕ ਭਾਵਨਾਵਾਂ ਨੂੰ ਲੁਭਾਏਗਾ ਤੇ ਖਰੀਦ ਲਵੇਗਾ ਹਰ ਵਿਕਾਊ ਵੋਟਰ ਦਾ ਈਮਾਨ। ਫਿਰ ਉਹੀ ਚਿਹਰੇ, ਉਹੀ ਸਿਆਸਤਦਾਨ ਬਣ ਜਾਣਗੇ ਲੋਕਤੰਤਰ ਦੇ ਰਾਖੇ ਤੇ ਨਿੱਕੇ ਨਿੱਕੇ ਭਗਵਾਨ। ਲੋਕ ਪੀੜਾ ਹਰਨ ਦਾ ਦੇਣਗੇ ਵਿਖਿਆਨ ਅਗਲੇ ਪੰਜ ਸਾਲ ਤੱਕ.... ਬਿਨਾਂ ਸ਼ੱਕ ਦੇਸ਼ ਆਜ਼ਾਦ ਹੋਣ ਤੋ ਹੁਣ ਤੱਕ ਹਰ ਪੰਜ ਸਾਲ ਇਹੀ ਕੁਝ ਚਲਦਾ ਆ ਰਿਹਾ ਹੈ ਤੇ ਸ਼ਾਇਦ ਪਤਾ ਨਹੀ ਕਦੋ ਤੱਕ ਚਲਦਾ ਰਹੇਗਾ। ਸ਼ਾਇਦ ਉਦੋ ਤੱਕ ਜਦੋ ਤੱਕ ਲੋਕ ਜਾਗਰੁਕ ਨਹੀ ਹੁੰਦੇ। ਆਪਣੇ ਵੋਟ ਅਧਿਕਾਰ ਦੀ ਤਾਕਤ ਨਹੀ ਪਛਾਣਦੇ। ਚੰਗੇ ਸਮਾਜ ਦੀ ਸਿਰਜਣਾ ਵਿਚ ਭਾਈਵਾਲ ਨਹੀ ਬਣਦੇ। ਆਮ ਕਿਹਾ ਜਾਂਦਾ ਹੈ ਕਿ ਭਾਰਤੀ ਲੋਕਤੰਤਰ ਦੁਨੀਆ ਦਾ ਸਭ ਤੋ ਵੱਡਾ ਲੋਕਤੰਤਰ ਹੈ। ਲੋਕ ਹੀ ਸਰਕਾਰਾਂ ਚੁਣਦੇ ਹਨ। ਪਰ ਅਸਲੀਅਤ ਇਹ ਹੈ ਕਿ ਦੇਸ਼ ਦੇ ਬਹੁਗਿਣਤੀ ਲੋਕ ਗਰੀਬੀ ਤੇ ਆਰਥਿਕ ਲੋੜਾਂ ਥੁੜਾਂ ਵਿਚ ਘਿਰੇ ਆਪਣੇ ਹੱਕਾਂ ਤੋ ਅਣਜਾਣ ਹੀ ਨਹੀ ਬਲਕਿ ਨਿੱਕੀਆਂ ਨਿੱਕੀਆਂ ਗਰਜਾਂ ਤੇ ਮਜ਼ਬੂਰੀਆਂ ਵਿਚ ਘਿਰੇ ਹੋਏ ਹਨ। ਅਜਿਹੀ ਸਥਿਤੀ ਵਿਚ ਸਾਹਾਂ ਨੂੰ ਸੌਖਾਲਾ ਕਰਦਿਆਂ ਉਹ ਕੋਈ ਵੀ ਸਮਝੌਤਾ ਕਰਨੋ ਦੇਰ ਨਹੀ ਲਾਉਂਦੇ। ਇਸੇ ਲਈ ਕਿਹਾ ਜਾਂਦਾ ਹੈ ਕਿ ਆਰਥਿਕ ਆਜ਼ਾਦੀ ਬਿਨਾਂ ਸਿਆਸੀ ਆਜਾਦੀ ਦੇ ਕੋਈ ਮਾਅਨੇ ਨਹੀ। ਇਸ ਦੌਰਾਨ ਆਪਣੀ ਹੋਂਦ ਲਈ ਲੜੇ ਗਏ ਕਿਸਾਨ ਅੰਦੋਲਨ ਦੀ ਜਿੱਤ ਨੇ ਆਮ ਲੋਕਾਂ ਨੂੰ ਇਕ ਨਵੀ ਆਸ ਦੀ ਕਿਰਨ ਵਿਖਾਈ ਹੈ। ਜੋ ਲੋਕ ਇਹ ਸਮਝਦੇ ਸਨ ਕਿ ਇਸ ਮੁਲਕ ਵਿਚ ਕੁਝ ਨਹੀ ਬਦਲ ਸਕਦਾ। ਰਾਜਸੀ ਤਾਕਤਾਂ ਨੇ ਆਮ ਮਨੁੱਖ ਨੂੰ ਇਤਨਾ ਘਸਿਆਰਾ ਬਣਾ ਛੱਡਿਆ ਹੈ ਕਿ, ਇਹਨਾਂ ਤਾਕਤਾਂ ਖਿਲਾਫ ਲੋਕਾਂ ਵਿਚ ਉਠ ਖੜਨ ਦਾ ਹੀਆ ਨਹੀ। ਪਰ ਕਿਸਾਨ ਅੰਦੋਲਨ ਨੇ ਇਸ ਧਾਰਨਾ ਨੂੰ ਬਦਲ ਦਿੱਤਾ ਹੈ। ਆਮ ਲੋਕਾਂ ਵਿਚ ਇਹ ਵਿਸ਼ਵਾਸ ਮਜ਼ਬੂਤ ਹੋਇਆ ਹੈ ਕਿ ਲੋਕ ਚਾਹੁਣ ਤਾਂ ਹਾਕਮਾਂ ਨੂੰ ਲੋਕ ਪੱਖੀ ਨੀਤੀਆਂ ਲਈ ਝੁਕਾਇਆ ਜਾ ਸਕਦਾ ਹੈ। ਕੁਝ ਬਦਲਿਆ ਜਾ ਸਕਦਾ ਹੈ। ਵੋਟ ਪਰਚੀ ਰਾਹੀ ਚੁਣੇ ਗਏ ਤੇ ਹਾਕਮ ਬਣ ਬੈਠੇ ਸਿਆਸਤਦਾਨਾਂ ਨੂੰ ਉਹਨਾਂ ਦੀ ਅਸਲੀ ਥਾਂ ਵਿਖਾਈ ਜਾ ਸਕਦੀ ਹੈ। ਕਿਸਾਨ ਅੰਦੋਲਨ ਦੀ ਜਿੱਤ ਨੇ ਆਮ ਸ਼ਹਿਰੀਆਂ ਵਿਚ ਇਹ ਉਮੀਦ ਜਗਾਈ ਹੈ ਕਿ ਭ੍ਰਿਸ਼ਟ ਤੰਤਰ ਨੂੰ ਵੀ ਏਕੇ ਤੇ ਸਿਰੜ ਨਾਲ ਵੰਗਾਰਿਆ ਜਾ ਸਕਦਾ ਹੈ। ਸਿਆਸਤਦਾਨਾਂ ਨੂੰ ਲੋਕ ਪੱਖੀ ਨੀਤੀਆਂ ਬਣਾਉਣ ਤੇ ਲਾਗੂ ਕਰਨ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਪੰਜਾਬ ਜਿਸਨੇ ਕਿਸਾਨ ਅੰਦੋਲਨ ਦੀ ਅਗਵਾਈ ਕਰਦਿਆਂ ਮੁਲਕ ਨੂੰ ਪੰਜਾਬੀ ਕਿਰਦਾਰ ਅਤੇ ਸਰਬੱਤ ਦੇ ਭਲੇ ਦੀ ਮਹਿਮਾ ਦੇ ਰੂਬਰੂ ਕਰਵਾਇਆ ਹੈ। ਉਸ ਪੰਜਾਬ ਦੇ ਕੁਝ ਜਾਗਰੁਕ ਲੋਕ ਇਸ ਮੋੜ ਉਪਰ ਪੰਜਾਬ ਦੀ ਸਿਆਸਤ ਨੂੰ ਮੋੜਾ ਦੇਣ ਲਈ ਉਤਸੁਕ ਹਨ। ਹੋਣਾ ਵੀ ਚਾਹੀਦਾ ਹੈ। ਇਸੇ ਉਤਸੁਕਤਾ ਵਿਚੋ ਇਹ ਉਮੀਦ ਉਭਰਦੀ ਦਿਖਾਈ ਦਿੱਤੀ ਹੈ ਕਿ ਕਿਸਾਨ ਅੰਦੋਲਨ ਤੋਂ ਅੱਗੇ ਕੀ ਹੋਵੇ? ਕੀ ਪੰਜਾਬ ਦੀ ਸੱਤਾ ਮੁੜ ਰਵਾਇਤੀ ਪਾਰਟੀਆਂ ਤੇ ਆਗੂਆਂ ਦੇ ਹੱਥ ਹੀ ਰਹੇਗੀ? ਸਿਆਸਤ ਦੇ ਭ੍ਰਿਸ਼ਟ ਪ੍ਰਬੰਧ ਤੇ ਅਸਲ ਆਧਾਰ ਤੋ ਅਣਜਾਣ ਲੋਕ ਜਿਵੇ ਕਿਵੇ ਕਿਸਾਨ ਆਗੂਆਂ ਨੂੰ ਸਿਆਸਤ ਦੀ ਅਗਵਾਈ ਕਰਨ ਦੇ ਸੱਦੇ ਦੇਣ ਲੱਗੇ ਹਨ। ਅਗਵਾਈ ਦੇ ਸੱਦੇ ਤੋ ਅੱਗੇ ਬਜੁਰਗ ਕਿਸਾਨ ਆਗੂ ਰਾਜੇਵਾਲ ਨੂੰ ਮੁੱਖ ਮੰਤਰੀ ਦਾ ਚਿਹਰਾ ਵੀ ਬਣਾ ਰਹੇ ਹਨ। ਇਕ ਸਿਆਸੀ ਪਾਰਟੀ ਨੇ ਇਸ ਸੱਦੇ ਨੂੰ ਤੂਲ ਦਿੰਦਿਆਂ ਆਪਣੀ ਖੇਡ ਵਿਚ ਲੋਕ ਰਾਇ ਨੂੰ ਉਲਝਾਉਣ ਵਿਚ ਕੋਈ ਕਸਰ ਨਹੀ ਛੱਡੀ। ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਤਾਂ ਆਪਣੀ ਸਿਆਸੀ ਪਾਰਟੀ ਦਾ ਐਲਾਨ ਵੀ ਕਰ ਦਿੱਤਾ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਸ ਮੁੱਦੇ ਉਪਰ ਇਕਮੱਤ ਨਹੀ। ਅਜਿਹੀ ਸਥਿਤੀ ਵਿਚ ਕਿਸਾਨ ਆਗੂ ਚੜੂਨੀ ਦੀ ਪਾਰਟੀ ਰਵਾਇਤੀ ਪਾਰਟੀਆਂ ਨਾਲ ਕਿਸ ਤਰਾਂ ਦਸਤ ਪੰਜਾ ਲੈ ਸਕੇਗੀ, ਕੁਝ ਕਹਿਣਾ ਮੁਸ਼ਕਲ ਹੈ। ਕਿਸਾਨ ਅੰਦੋਲਨ ਦੌਰਾਨ ਕਿਸਾਨ ਮੰਗਾਂ ਦੇ ਹੱਕ ਵਿਚ ਖੜੇ ਹੋਣ ਦਾ ਦਾਅਵਾ ਕਰਨ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਤੋ ਇਲਾਵਾ ਹੁਣ ਸੱਤਾਧਾਰੀ ਪਾਰਟੀ ਭਾਜਪਾ ਵੀ ਕਿਸਾਨਾਂ ਦਾ ਵੱਡਾ ਮੁਦਈ ਹੋਣ ਢੰਡੋਰਾ ਪਿੱਟ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਸਿਆਸੀ ਧਿਰਾਂ ਦੀ ਚਿੰਤਾ ਕਿਸਾਨ ਮਸਲੇ ਨਹੀ ਬਲਕਿ ਉਹਨਾਂ ਦੀਆਂ ਵੋਟਾਂ ਹਨ। ਕਿਸਾਨ ਵੋਟ ਬੈਂਕ ਦੀ ਸ਼ਕਤੀ ਨੂੰ ਜਾਣਦਿਆਂ ਹੀ ਕਿਸਾਨ ਧਿਰਾਂ ਨਾਲ ਜੁੜੇ ਲੋਕ ਅਤੇ ਕੁਝ ਆਗੂ ਸਿਆਸੀ ਪਾਰਟੀ ਬਣਾਕੇ ਚੋਣ ਮੈਦਾਨ ਵਿਚ ਕੁੱਦਣ ਲਈ ਕਾਹਲੇ ਹਨ। ਪਰ ਉਹ ਭੁਲਦੇ ਹਨ ਕਿ ਲੋਕ ਹਿੱਤਾਂ ਲਈ ਸੰਘਰਸ਼ ਕਰਨੇ, ਲੜਨੇ ਤੇ ਜਿੱਤਣੇ ਵੱਖਰੀ ਗੱਲ ਹੈ ਤੇ ਚੋਣਾਂ ਲੜਨੀਆਂ, ਸੱਤਾ ਸੰਭਾਲਣਾ ਤੇ ਰਾਜ ਭਾਗ ਚਲਾਉਣਾ ਬਿਲਕੁਲ ਅਲਗ। ਲੋਕ ਸੰਘਰਸ਼ ਚੋ ਪੈਦਾ ਹੋਏ ਆਮ ਆਦਮੀ ਪਾਰਟੀ ਦੇ ਆਗੂ ਦੀ ਮਿਸਾਲ ਸਭ ਦੇ ਸਾਹਮਣੇ ਹੈ। ਦੇਸ਼ ਦੀ ਰਾਜਨੀਤੀ ਨੂੰ ਬਦਲਣ ਦਾ ਨਾਅਰਾ ਦੇਣ ਵਾਲੇ ਲੋਕ ਰਾਜਨੀਤੀ ਤਾਂ ਬਦਲ ਨਹੀ ਸਕੇ, ਲਾਰਿਆਂ ਤੇ ਵਾਅਦਿਆਂ ਵਾਲੇ ਰਾਜਨੀਤੀਵਾਨਾਂ ਦੀ ਕਤਾਰ ਵਿਚ ਸ਼ਾਮਿਲ ਜ਼ਰੂਰ ਹਨ। ਰਾਜਨੀਤੀ ਦੇ ਇਸ ਵੋਕਟ ਆਦਰਸ਼ਵਾਦ ਪ੍ਰਤੀ ਸਮਝ ਰੱਖਣ ਵਾਲੇ ਕਿਸਾਨ ਆਗੂ ਰਾਜੇਵਾਲ ਦਾ ਇਹ ਬਿਆਨ ਵੱਡੇ ਅਰਥ ਰੱਖਦਾ ਹੈ ਕਿ "ਮੈਂ ਰਾਜਨੀਤੀ ਵਿਚ ਆਕੇ ਬੁੱਢੇ ਵਾਰੇ ਆਪਣੇ ਹੱਢ ਨਹੀ ਰੋਲਣੇ। ਲੋਕ ਹਿੱਤਾਂ ਲਈ ਸੰਘਰਸ਼ ਲੜਨੇ ਵੱਖਰੀ ਗੱਲ ਹੈ ਤੇ ਚੋਣਾਂ ਲੜਨੀਆਂ ਅਸਲੋਂ ਅਲਗ।" ਦੇਸ਼ ਦੀ ਗੰਧਲੀ ਤੇ ਭ੍ਰਿਸ਼ਟ ਰਾਜਨੀਤੀ ਨੂੰ ਰਾਤੋ ਰਾਤ ਬਦਲਣਾ ਇਤਨਾ ਸੌਖਾ ਨਹੀ। ਰਾਜਨੀਤੀ ਨੂੰ ਬਦਲਣ ਵਾਸਤੇ ਇਕ ਨਰੋਏ ਤੇ ਜਾਗਰੁਕ ਸਮਾਜ ਦਾ ਹੋਣਾ ਪਹਿਲੀ ਸ਼ਰਤ ਹੈ। ਮਜ਼ਬੂਤ ਤੇ ਉਸਾਰੂ ਜਮਹੂਰੀ ਪ੍ਰਣਾਲੀ ਵਿਚ ਸਿਵਲ ਸੰਸਥਾਵਾਂ ਦੀ ਭੂਮਿਕਾ ਨੂੰ ਇਸੇ ਲਈ ਵਡਿਆਇਆ ਜਾਂਦਾ ਹੈ। ਦੁਨੀਆ ਦੇ ਵਿਕਸਿਤ ਮੁਲਕਾਂ ਵਿਚ ਸਿਵਲ ਸੁਸਾਇਟੀਆਂ ਦੁਆਰਾ ਰਾਜ ਅਤੇ ਰਾਜਸੀ ਤਾਕਤ ਉਪਰ ਅੰਕੁਸ਼ ਅਤੇ ਨਿਯੰਤਰਣ ਰੱਖਣ ਦੀ ਭੂਮਿਕਾ ਅੱਜ ਵੀ ਵਡੇਰੀ ਹੈ। ਇਕ ਰਿਪੋਰਟ ਮੁਤਾਬਿਕ ਕੈਨੇਡਾ ਵਿਚ ਇਸ ਸਮੇ 55,000 ਰਜਿਸਟਰਡ ਸਿਵਲ ਸੰਸਥਾਵਾਂ ਹਨ ਜਦੋਂਕਿ ਅਮਰੀਕਾ ਵਿਚ 15 ਲੱਖ ਦੇ ਕਰੀਬ। ਅੰਕੜੇ ਦੱਸਦੇ ਹਨ ਕਿ ਭਾਰਤ ਵਰਗੇ ਮੁਲਕ ਵਿਚ ਗੈਰ ਸਰਕਾਰੀ ਸੰਸਥਾਵਾਂ ਦੇ ਨਾਮ ਹੇਠ 33 ਲੱਖ ਸੰਸਥਾਵਾਂ ਰਜਿਸਟਰਡ ਤਾਂ ਹਨ ਪਰ ਅਸਲੀਅਤ ਵਿਚ ਕੇਵਲ 10 ਹਜ਼ਾਰ ਦੇ ਕਰੀਬ ਹੀ ਅਜਿਹੀਆਂ ਸੰਸਥਾਵਾਂ ਦੀ ਪੁਸ਼ਟੀ ਹੁੰਦੀ ਹੈ ਤੇ ਇਹਨਾਂ ਚੋ ਵੀ ਕੇਵਲ 1600 ਦੇ ਕਰੀਬ ਹੀ ਐਨ ਜੀ ਓ ਸਹੀ ਮਾਨਿਆਂ ਵਿਚ ਕਾਰਜਸ਼ੀਲ ਹਨ। ਲੱਖਾਂ ਦੀ ਗਿਣਤੀ ਵਿਚ ਰਜਿਸਟਰਡ ਅਜਿਹੀਆਂ ਸੰਸਥਾਵਾਂ ਦਾ ਕਾਗਜ਼ਾਂ ਵਿਚ ਐਕਟਿਵ ਹੋਣ ਦਾ ਮਕਸਦ ਕੀ ਹੈ? ਸੋਚਿਆ ਜਾ ਸਕਦਾ ਹੈ ਜਿਸ ਸਮਾਜ ਵਿਚ ਲੋਕ ਭਲਾਈ ਦੇ ਨਾਮ ਹੇਠ ਕੰਮ ਕਰਨ ਵਾਲੀਆਂ ਹਜ਼ਾਰਾਂ ਸੰਸਥਾਵਾਂ ਹੀ ਜਾਅਲੀ ਹੋਣ, ਉਹ ਸਮਾਜ ਕਿੰਨਾ ਕੁ ਨਰੋਆ ਹੈ?

ਭਾਰਤੀ ਲੋਕਤੰਤਰ ਦੀ ਮਜ਼ਬੂਤੀ ਲਈ ਸਿਆਸੀ ਪਾਰਟੀਆਂ ਤੇ ਸਿਆਸਤਦਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਇਮਾਨਦਾਰ ਸਿਵਲ ਸੰਸਥਾਵਾਂ ਦਾ ਗਠਨ ਤੇ ਭੂਮਿਕਾ ਨੂੰ ਪਹਿਲ ਦੇਣ ਦੀ ਜ਼ਰੂਰਤ ਹੈ। ਸੱਤਾ ਤੋ ਦੂਰ ਰਹਿੰਦਿਆਂ ਇਕ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਲਈ ਸਿਵਲ ਸੁਸਾਇਟੀਆਂ ਹੀ ਰਾਜਸੀ ਸ਼ਕਤੀ ਉਪਰ ਕੁੰਡਾ ਰੱਖਣ ਦੇ ਯੋਗ ਹੋ ਸਕਦੀਆਂ ਹਨ। ਪਿਛਲੇ ਦਿਨੀਂ ਪੰਜਾਬ ਵਿਚ ਕੁਝ ਕਲਾਕਾਰਾਂ ਤੇ ਬੁਧੀਜੀਵੀਆਂ ਨੇ ਲੋਕਤੰਤਰ ਵਿਚ ਸਿਵਲ ਸੰਸਥਾਵਾਂ ਦੀ ਭੂਮਿਕਾ ਨੂੰ ਸਮਝਦਿਆਂ "ਜੂਝਦਾ ਪੰਜਾਬ" ਨਾਮ ਦਾ ਮੰਚ ਤਿਆਰ ਕੀਤਾ ਹੈ। "ਜੂਝਦਾ ਪੰਜਾਬ" ਵਲੋਂ ਭਾਰਤ ਵਿਚ ਰਾਜਾਂ ਨੂੰ ਵਧੇਰੇ ਅਧਿਕਾਰਾਂ ਲਈ ਸੰਘਵਾਦ ਦੀ ਮਜ਼ਬੂਤੀ, ਵਿਧਾਨ ਸਭਾ ਦੀ ਭੂਮਿਕਾ ਤੇ ਵਿਧਾਇਕਾਂ ਦੀਆਂ ਜਿੰਮੇਵਾਰੀ ਤਹਿ ਕਰਨ, ਭ੍ਰਿਸ਼ਟਾਚਾਰ ਉਪਰ ਨੱਥ ਪਾਉਣ ਲਈ ਲੋਕਪਾਲ ਨੂੰ ਵਧੇਰੇ ਅਧਿਕਾਰ ਦੇਣ, ਖੇਤੀ ਨੂੰ ਲਾਹੇਵੰਦਾ ਬਣਾਉਣ, ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਦੀ ਹਾਲਤ ਸੁਧਾਰਨ, ਪੁਲਿਸ ਡੰਡਾਤੰਤਰ ਦਾ ਸਰੂਪ ਬਦਲਣ , ਲੋਕ ਪੱਖੀ ਪ੍ਰਸ਼ਾਸਕੀ ਸੁਧਾਰ, ਔਰਤਾਂ ਲਈ 33 ਪ੍ਰਤੀਸ਼ਤ ਰਾਖਵਾਂ ਕਰਨ, ਸਸਤੀਆਂ ਸਿਹਤ ਸਹੂਲਤਾਂ, ਬਸਤਿਆਂ ਦਾ ਬੋਝ ਹਲਕਾ ਕਰਨ ਤੇ ਸਿੱਖਿਆ ਵਿਚ ਸੁਧਾਰ, ਕਲਾ -ਸਾਹਿਤ ਨੂੰ ਉਤਸ਼ਾਹਿਤ ਕਰਨਾ ਤੇ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦੇਣ, ਪੇਂਡੂ ਪੱਧਰ ਤੱਕ ਨੌਜਵਾਨ ਪੱਖੀ ਖੇਡ ਨੀਤੀ, ਪੰਜਾਬ ਦੇ ਪਾਣੀਆਂ ਦੀ ਰਾਖੀ, ਬਿਜਲੀ ਸੁਧਾਰ, ਸਟੇਟ ਪੱਖੀ ਟਰਾਂਸਪੋਰਟ ਨੀਤੀ, ਸ਼ਰਾਬ ਕਾਰੋਬਾਰ ਵਿਚ ਠੇਕੇਦਾਰੀ ਸਿਸਟਮ ਨੂੰ ਤੋੜਨ ਲਈ ਨਵੀਂ ਆਬਕਾਰੀ ਨੀਤੀ ਅਤੇ ਸਾਵੇਂ ਸ਼ਹਿਰੀ ਵਿਕਾਸ ਆਦਿ ਨਾਲ ਸਬੰਧਿਤ ਲਗਪਗ 18 ਮੁੱਖ ਮੁੱਦਿਆਂ ਉਪਰ ਸਿਆਸੀ ਪਾਰਟੀਆਂ ਤੇ ਆਗੂਆਂ ਨੂੰ ਵਚਨਬੱਧ ਤੇ ਜਵਾਬਦੇਹ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ। "ਜੂਝਦਾ ਪੰਜਾਬ" ਦੇ ਕਾਰਕੁੰਨਾਂ ਵਲੋਂ ਆਪਣਾ ਸਮਝ-ਪੱਤਰ ਤਿਆਰ ਕਰਨ ਵਿਚ ਭਾਵੇ ਕੁਝ ਕਾਹਲੀ ਕੀਤੀ ਗਈ ਲੱਗਦੀ ਹੈ ਪਰ ਸਮਾਜ ਦਾ ਭਲਾ ਚਾਹੁਣ ਤੇ ਪੰਜਾਬ ਲਈ ਕੁਝ ਕਰਨ ਦੀ ਚਾਹਤ ਰੱਖਣ ਵਾਲੇ ਲੋਕਾਂ ਦੀ ਭਾਵਨਾ ਨੂੰ ਜਾਨਣ ਤੇ ਹੁੰਗਾਰਾ ਭਰਨਾ ਸਮੇ ਦੀ ਵੱਡੀ ਮੰਗ ਹੈ। ਇਕੱਲਾ "ਜੂਝਦਾ ਪੰਜਾਬ" ਹੀ ਕਿਉ, ਅਜਿਹੀਆਂ ਹੋਰ ਸਮਾਜਿਕ ਸੰਸਥਾਵਾਂ ਨੂੰ ਵੀ ਜੁੜਣ ਦੀ ਲੋੜ ਹੈ। ਅਜਿਹੀਆਂ ਸੰਸਥਾਵਾਂ ਦੇ ਅੱਗੇ ਆਉਣ ਤੇ ਜਾਗਰੁਕ ਲੋਕਾਂ ਦੇ ਏਕੇ ਨਾਲ ਹੀ ਸੱਤਾਵਾਨਾਂ ਨੂੰ ਜਵਾਬਦੇਹ ਬਣਾਉਣਾ ਮੁਮਕਿਨ ਹੈ। ਸਿਆਸੀ ਜਵਾਬਦੇਹੀ ਦੇ ਨਾਲ ਸਮਾਜਿਕ ਕੁਰੀਤੀਆਂ ਖਿਲਾਫ ਵੀ ਇਕ ਵੱਖਰੀ ਜੰਗ ਹੈ। ਉਹ ਸਮਾਜ ਜਿਸ ਵਿਚ ਇਕ ਭ੍ਰਿਸ਼ਟ ਵਿਅਕਤੀ ਨੰਗਾ ਚਿੱਟਾ ਦਿਖਲਾਕੇ ਗੰਦਾ ਕਾਰੋਬਾਰ ਕਰਦਿਆਂ, ਕਾਲੀ ਕਮਾਈ ਦੇ ਬੂਤੇ, ਹਿੱਕ ਤਾਣ ਤੁਰੇ, ਸਮਾਜਿਕ ਸਮਾਗਮਾਂ ਵਿਚ ਮੁੱਖ ਮਹਿਮਾਨ ਬਣੇ, ਮੋਹਰਲੀ ਕੁਰਸੀ 'ਤੇ ਸੱਜਕੇ ਬਹੇ ਤੇ ਲੋਕ ਉਸਦੀ ਜੀ ਹਜੂਰੀ ਕਰਨ, ਅਜਿਹੇ ਸਮਾਜ ਵਿਚ ਜਮਹੂਰੀ ਮਜ਼ਬੂਤੀ ਤੇ ਚੰਗੇ ਰਾਜ ਪ੍ਰਬੰਧ ਦੀ ਤਵੱਕੋ ਕਰਨਾ ਖੁਦ ਫਰੇਬੀ ਤੋ ਸਿਵਾਏ ਕੁਝ ਨਹੀ.... ਇਸ ਖੁਦ ਫਰੇਬੀ ਦਾ ਨਕਾਬ ਪਾੜਦਿਆਂ, ਖੁਦ ਦੇ ਰੂਬਰੂ ਹੁੰਦਿਆਂ, ਬਾਬੇ ਨਾਨਕ ਦੇ ਦੱਸੇ ਸੱਚ ਨੂੰ ਤਸਲੀਮ ਕਰਦਿਆਂ, ਪੰਜਾਬ ਤੋ ਗੁਜਰਾਤ, ਬਿਦਰ (ਮਹਾਰਾਸ਼ਟਰ) ਤੇ ਜਗਨਨਾਥ ਪੁਰੀ ( ਉੜੀਸ਼ਾ) ਤੋ ਅੱਗੇ ਕੀ ਪੰਜਾਬ ਵਿਖਾਏਗਾ ਦੇਸ਼ ਨੂੰ ਰਸਤਾ...?

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
rcic·cric
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਕਿਸਾਨ ਆਗੂ ਰਾਜੇਵਾਲ ਨੇ ਭਾਜਪਾ ਖ਼ਿਲਾਫ਼ ਆਪਣੇ ਸੁਰ ਬਦਲੇ



ਲੁਧਿਆਣਾ-ਸਨਅਤੀ ਸ਼ਹਿਰ ਦੇ ਸਨਅਤਕਾਰਾਂ ਦੀ ਪੰਜਾਬ ਮੁਕਤੀ ਮੋਰਚਾ ਵੱਲੋਂ ਕਿਸਾਨੀ ਮੋਰਚੇ ਦੇ ਆਗੂਆਂ ਦੇ ਸਨਮਾਨ ਲਈ ਵਿਸ਼ੇਸ਼ ਸਨਮਾਨ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਕਿਸਾਨੀ ਮੋਰਚੇ ਵਿੱਚ ਸਾਥ ਦੇਣ ਵਾਲੇ ਆਗੂ ਤੇ ਸਮਾਜਿਕ ਜਥੇਬੰਦੀਆਂ ਤੇ ਸੰਤ ਸਮਾਜ ਦੇ ਲੋਕਾਂ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਗੱਲਬਾਤ ਕਰਦਿਆਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਕਿਸੇ ਵਿਅਕਤੀ ਜਾਂ ਕਿਸੇ ਜਥੇਬੰਦੀ ਨਾਲ ਨਹੀਂ ਹੈ, ਬਲਕਿ ਸਿਸਟਮ ਨਾਲ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸਾਨੀ ਮੋਰਚਾ ਖਤਮ ਹੋ ਗਿਆ ਹੈ, ਇਸ ਕਰਕੇ ਹੁਣ ਭਾਜਪਾ ਦਾ ਕਿਉਂ ਵਿਰੋਧ ਕਰਨਾ ਹੈ। ਲੁਧਿਆਣਾ ਦੇ ਪੈਲੇਸ ਵਿੱਚ ਪੰਜਾਬ ਮੁਕਤੀ ਮੋਰਚਾ ਵੱਲੋਂ ਕਰਵਾਏ ਸਮਾਗਮ ਦੌਰਾਨ ਉਨ੍ਹਾਂ ਨੇ ਸਿਆਸਤ 'ਚ ਦਾਖ਼ਲੇ ਸਬੰਧੀ ਉਨ੍ਹਾਂ ਕਿਹਾ ਕਿ ਹਾਲੇ ਇਸ ਸਬੰਧੀ ਕਿਸਾਨ ਜਥੇਬੰਦੀਆਂ ਵੱਲੋਂ ਚਰਚਾ ਕੀਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ 'ਚ ਇਸ 'ਤੇ ਫ਼ੈਸਲਾ ਲਿਆ ਜਾਵੇਗਾ। ਇਸ ਮੌਕੇ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ, ਅਦਾਕਾਰ ਮੰਗਲ ਢਿੱਲੋਂ, ਜੂਝਦਾ ਪੰਜਾਬ ਤੇ ਅਮਿਤੋਜ ਮਾਨ ਨੇ ਵੀ ਸੰਬੋਧਨ ਕੀਤਾ। ਭਾਰਤੀ ਆਰਥਿਕ ਪਾਰਟੀ ਦੇ ਪ੍ਰਧਾਨ ਤਰੁਨ ਜੈਨ ਬਾਵਾ ਨੇ ਕਿਹਾ ਕਿ ਪਿਛਲੇ 75 ਸਾਲਾਂ ਤੋਂ ਵਪਾਰੀ ਸਰਕਾਰ ਦੀ ਲੁੱਟ ਦੇ ਸ਼ਿਕਾਰ ਹੋ ਰਹੇ ਹਨ। ਵਾਰ ਵਾਰ ਨਵੀਂ ਟੈਕਸ ਨੀਤੀ ਲਾਗੂ ਕੀਤੀ ਜਾਂਦੀ ਹੈ ਪਰ ਟੈਕਸ ਦੇਣ ਦੇ ਬਾਵਜੂਦ ਅਫ਼ਸਰਸ਼ਾਹੀ ਤੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਕਾਰੋਬਾਰੀ ਤੇ ਵਪਾਰੀ ਚੋਣਾਂ ਵਿੱਚ ਆਪਣੇ ਭਾਈਚਾਰੇ ਨੂੰ ਉਤਾਰਨਗੇ।

# ਰਾਣਾ ਗੁਰਜੀਤ ਸਿੰਘ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਿੱਧੂ ਖਿਲਾਫ ਮੋਰਚਾ ਖੋਹਲਿਆ




ਚੰਡੀਗੜ੍ਹ-ਤਕਨੀਕੀ ਸਿੱਖਿਆ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ 'ਤੇ ਦੋਸ਼ ਲਾਇਆ ਕਿ ਉਹ ਪਾਰਟੀ ਵਿਚ ਫੁੱਟ ਪਾਉਣ ਦੇ ਰਾਹ ਪਏ ਹਨ ਅਤੇ ਸਿਰਫ ਮੁੱਖ ਮੰਤਰੀ ਬਣਨ ਦੇ ਮੰਤਵ ਨਾਲ ਕਾਂਗਰਸ ਵਿੱਚ ਆਏ ਹਨ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਹ ਟਕਸਾਲੀ ਕਾਂਗਰਸੀ ਹਨ ਅਤੇ ਸਿੱਧੂ ਨੂੰ ਕੋਈ ਹੱਕ ਨਹੀਂ ਕਿ ਉਹ ਟਕਸਾਲੀ ਆਗੂਆਂ ਦੀ ਵਫ਼ਾਦਾਰੀ 'ਤੇ ਉਂਗਲ ਉਠਾਉਣ। ਕੈਬਨਿਟ ਮੰਤਰੀ ਨੇ ਕਿਹਾ ਕਿ ਨਵਜੋਤ ਸਿੱਧੂ ਧਿਆਨ ਨਾਲ ਬੋਲਣ। ਉਨ੍ਹਾਂ ਕਿਰਾਏਦਾਰ ਦੀ ਤਰ੍ਹਾਂ ਪਾਰਟੀ ਜੁਆਇਨ ਕੀਤੀ ਹੈ ਅਤੇ ਉਹ ਮੁੱਖ ਮੰਤਰੀ ਬਣਨ ਦੇ ਮਕਸਦ ਨਾਲ ਆਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਸਾਰੀ ਉਮਰ ਕਾਂਗਰਸ ਵਿਚ ਗੁਜ਼ਾਰ ਦਿੱਤੀ ਹੈ ਜਦਕਿ ਸਿੱਧੂ ਨੇ ਹਾਲੇ ਪੰਜ ਸਾਲ ਵੀ ਪਾਰਟੀ 'ਚ ਪੂਰੇ ਨਹੀਂ ਕੀਤੇ ਹਨ ਅਤੇ ਉਹ ਟਕਸਾਲੀ ਲੋਕਾਂ 'ਤੇ ਸੁਆਲ ਖੜ੍ਹੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਧੂ ਦੇ ਵਿਹਾਰ ਨੂੰ ਦੇਖ ਕੇ ਹਰ ਕਿਸੇ ਨੂੰ ਇਹੋ ਲੱਗਦਾ ਹੈ ਕਿ ਉਹ ਵਿਧਾਨ ਸਭਾ ਚੋਣਾਂ ਤੱਕ ਕਾਂਗਰਸ ਵਿਚ ਰਹਿਣਗੇ ਜਾਂ ਚੋਣਾਂ ਤੋਂ ਪਹਿਲਾਂ ਹੀ ਭੱਜ ਜਾਣਗੇ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਜੇਕਰ ਜਲਦੀ ਪਾਰਟੀ ਛੱਡਦੇ ਹਨ ਤਾਂ ਇਸ 'ਚ ਕਾਂਗਰਸ ਦੀ ਭਲਾਈ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਆਪਣੇ ਲੁਕਵੇਂ ਏਜੰਡੇ ਦੀ ਪੂਰਤੀ ਲਈ ਕਾਂਗਰਸ ਨੂੰ ਅੰਦਰੋਂ ਨੁਕਸਾਨ ਪਹੁੰਚਾ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਵਿਰੋਧ ਕਰਨ ਦੇ ਨਵਜੋਤ ਸਿੱਧੂ ਦੇ ਇਰਾਦੇ ਸਪੱਸ਼ਟ ਹੋ ਗਏ ਹਨ। ਉਨ੍ਹਾਂ ਕਿਹਾ ਕਿ ਸਿੱਧੂ ਮੁੱਖ ਮੰਤਰੀ ਦੀ ਖੁੱਲ੍ਹੇਆਮ ਆਲੋਚਨਾ ਕਰ ਰਹੇ ਹਨ ਕਿਉਂਕਿ ਉਹ ਮੁੱਖ ਮੰਤਰੀ ਦੀ ਹਰਮਨਪਿਆਰਤਾ ਨੂੰ ਦੇਖਦੇ ਹੋਏ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ। ਰਾਣਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਦੀ ਜ਼ਿੰਮੇਵਾਰੀ ਤਾਂ ਪਾਰਟੀ ਨੂੰ ਇਕਜੁੱਟ ਰੱਖਣ ਦੀ ਹੁੰਦੀ ਹੈ ਪਰ ਸਿੱਧੂ ਹਾਈ ਕਮਾਨ ਵੱਲੋਂ ਗਠਿਤ ਕਮੇਟੀਆਂ ਵਿਚ ਦਰਾਰਾਂ ਪਾ ਕਰ ਰਹੇ ਹਨ।

# ਸਿੰਘ ਸਾਹਿਬ ਵੱਲੋਂ ਪੰਥ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਖਾਲਸਾਈ ਨਿਸ਼ਾਨ ਹੇਠ ਇਕੱਠੇ ਹੋਣ ਦੀ ਅਪੀਲ



ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਮੰਦਭਾਗੀ ਘਟਨਾ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਜਗਤ ਨੂੰ ਅਪੀਲ ਕੀਤੀ ਹੈ ਕਿ ਮੌਜੂਦਾ ਪੰਥਕ ਹਾਲਾਤ ਦੇ ਮੱਦੇਨਜ਼ਰ ਸਮੁੱਚੀਆਂ ਸਿੱਖ ਜਥੇਬੰਦੀਆਂ, ਰਾਜਨੀਤਕ ਦਲ, ਧਾਰਮਿਕ, ਸਮਾਜਿਕ, ਸਿੱਖਿਆ ਸੰਸਥਾਵਾਂ ਅਤੇ ਸੰਪਰਦਾਵਾਂ ਆਪਣੇ ਰਾਜਸੀ, ਵਿਚਾਰਕ ਤੇ ਜਾਤੀ ਮਤਭੇਦਾਂ ਅਤੇ ਵੱਖਰੇਵਿਆਂ ਨੂੰ ਇੱਕ ਪਾਸੇ ਰੱਖ ਕੇ ਖ਼ਾਲਸਾਈ ਨਿਸ਼ਾਨ ਹੇਠ ਇਕੱਠੇ ਹੋਣ ਤਾਂ ਜੋ ਮੌਜੂਦਾ ਸਥਿਤੀਆਂ ਦਾ ਸਾਹਮਣਾ ਇੱਕਜੁੱਟ ਹੋ ਕੇ ਕੀਤਾ ਜਾ ਸਕੇ। ਪੰਥ ਦੇ ਨਾਂ ਇੱਕ ਸੰਦੇਸ਼ ਜਾਰੀ ਕਰਦਿਆਂ ਜਥੇਦਾਰ ਨੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਚੁਫੇਰਿਓਂ ਸਿਧਾਂਤਕ ਤੇ ਮਾਰੂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੇਅਦਬੀ ਦੀਆਂ ਘਟਨਾਵਾਂ ਪਿਛਲੇ ਸਮੇਂ ਤੋਂ ਲਗਾਤਾਰ ਵਧ ਰਹੀਆਂ ਹਨ। ਸਿੱਖਾਂ ਦੇ ਰੂਹਾਨੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਦਾ ਹੋਣਾ ਸਿੱਖਾਂ ਦੇ ਸਬਰ ਦਾ ਅੰਤ ਵੇਖਣ ਦਾ ਸਿਖ਼ਰ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਲਈ ਸ੍ਰੀ ਹਰਿਮੰਦਰ ਸਾਹਿਬ ਤੋਂ ਵੱਧ ਕੁਝ ਵੀ ਨਹੀਂ ਹੈ ਤੇ ਹੁਣ ਜਦੋਂ ਹਮਲਾਵਰ ਸ੍ਰੀ ਹਰਿਮੰਦਰ ਸਾਹਿਬ ਤੱਕ ਪਹੁੰਚ ਗਏ ਹਨ ਤਾਂ ਕੌਮ ਨੂੰ ਤੁਰੰਤ ਜਾਗਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਨੂੰ ਬੌਧਿਕ ਤੌਰ 'ਤੇ ਤੋੜਨ ਲਈ ਗੁਰੂ ਗ੍ਰੰਥ ਤੇ ਗੁਰੂ ਪੰਥ ਉੱਪਰ ਹਮਲੇ ਕੀਤੇ ਜਾ ਰਹੇ ਹਨ। ਇਹ ਤਾਕਤਾਂ ਵਡੇਰਿਆਂ ਵੱਲੋਂ ਸਥਾਪਤ ਕੀਤੀਆਂ ਪੰਥਕ ਸੰਸਥਾਵਾਂ ਨੂੰ ਵੀ ਢਾਹ ਲਾਉਣ ਲਈ ਸਾਜ਼ਿਸ਼ਾਂ ਅਮਲ ਵਿੱਚ ਲਿਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਆਪਣੀਆਂ ਸੰਸਥਾਵਾਂ 'ਤੇ ਹੋ ਰਹੇ ਹਮਲਿਆਂ ਪਿੱਛੇ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਜੇਕਰ ਸਾਡੀਆਂ ਸੰਸਥਾਵਾਂ ਦੀ ਹੋਂਦ ਖ਼ਤਰੇ ਵਿੱਚ ਪੈ ਗਈ ਤਾਂ ਸਿੱਖਾਂ ਦੀ ਰੂਹਾਨੀ ਤੇ ਰਾਜਨੀਤਕ ਅਜ਼ਮਤ ਵੀ ਸੁਰੱਖਿਅਤ ਨਹੀਂ ਰਹਿ ਸਕੇਗੀ।






# ਸੁਖਬੀਰ ਬਾਦਲ ਨੇ ਬੇਅਦਬੀ ਮਾਮਲੇ ਤੇ ਸਰਕਾਰ ਵਲੋਂ ਬਣਾਈ ਸਿਟ ਉਪਰ ਸਵਾਲ ਉਠਾਏ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਇੱਥੇ ਦਰਬਾਰ ਸਾਹਿਬ ਵਿਖੇ ਬੀਤੇ ਦਿਨੀਂ ਵਾਪਰੀ ਬੇਅਦਬੀ ਦੀ ਘਟਨਾ ਦੇ ਪਸ਼ਚਾਤਾਪ ਵਜੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਰੱਖੇ ਗਏ ਅਖੰਡ ਪਾਠ ਦੇ ਅੱਜ ਭੋਗ ਪਾਏ ਗਏ। ਭਾਈ ਗੁਰਚਰਨ ਸਿੰਘ ਨੇ ਪਸ਼ਚਾਤਾਪ ਦੀ ਅਰਦਾਸ ਕੀਤੀ। ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਲਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਗੁਰਦੁਆਰਿਆਂ ਵਿੱਚ ਹਰ ਸਮੇਂ ਸੇਵਾਦਾਰਾਂ ਦੀ ਹਾਜ਼ਰੀ ਯਕੀਨੀ ਬਣਾਉਣ। ਪੰਥ ਵਿਰੋਧੀ ਤਾਕਤਾਂ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਰਬਾਰ ਸਾਹਿਬ ਵਿੱਚ ਵਾਪਰੀ ਘਟਨਾ ਬਹੁਤ ਦੁੱਖਦਾਈ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਚਾਰ ਦਿਨ ਪਹਿਲਾਂ ਇੱਥੇ ਹੀ ਗੁਟਕਾ ਸਾਹਿਬ ਪਾੜ ਕੇ ਸਰੋਵਰ ਵਿਚ ਸੁੱਟਿਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਮੁਲਜ਼ਮ ਨੂੰ ਪੁਲੀਸ ਹਵਾਲੇ ਕਰਨ ਮਗਰੋਂ ਵੀ ਉਸ ਪਾਸੋਂ ਕੋਈ ਸੱਚ ਸਾਹਮਣੇ ਨਹੀਂ ਲਿਆਂਦਾ ਗਿਆ। ਮੌਜੂਦਾ ਘਟਨਾ ਸਬੰਧੀ ਸਰਕਾਰ ਵੱਲੋਂ ਬਣਾਈ ਗਈ ਸਿੱਟ ਵੀ ਬਹੁਤ ਹੇਠਲੇ ਦਰਜੇ ਦੀ ਹੈ। ਇਸ ਤੋਂ ਕਿਸੇ ਵੀ ਸਿੱਟੇ ਦੀ ਆਸ ਨਹੀਂ ਹੈ। ਇਸੇ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਜਾਂਚ ਕਰਨ ਲਈ ਟੀਮ ਬਣਾਈ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਸਬੰਧੀ ਮੌਜੂਦਾ ਜਾਂ ਸਾਬਕਾ ਜੱਜ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਕਾਇਮ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਨੇ ਕਦੇ ਵੀ ਬੇਅਦਬੀ ਮਾਮਲੇ ਹੱਲ ਕਰਨ ਵਿਚ ਰੁਚੀ ਨਹੀਂ ਦਿਖਾਈ ਸਗੋਂ ਇਸ ਰਾਹੀਂ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਅਤਿ ਸੰਵੇਦਨਸ਼ੀਲ ਮੁੱਦਾ ਹੈ। ਇਸ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ।



### ਬੇਅਦਬੀ ਦੇ ਦੋਸ਼ੀ ਦੀ ਸ਼ਨਾਖਤ ਨਹੀ ਹੋਈ

ਅੰਮ੍ਰਿਤਸਰ-ਦਰਬਾਰ ਸਾਹਿਬ ਵਿਖੇ ਬੀਤੇ ਦਿਨੀਂ ਹੋਈ ਬੇਅਦਬੀ ਦੇ ਮਾਮਲੇ ਵਿੱਚ ਮੁਲਜ਼ਮ ਦੀ ਸ਼ਨਾਖਤ ਲਈ ਵਿਸ਼ੇਸ਼ ਜਾਂਚ ਟੀਮ ਨੂੰ ਹਾਲੇ ਕੋਈ ਸੁਰਾਗ ਨਹੀਂ ਮਿਲਿਆ। ਇਸ ਸਬੰਧੀ ਇਕ ਹੋਰ ਵੀਡੀਓ ਸਾਹਮਣੇ ਆਈ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਇਹ ਵਿਅਕਤੀ ਸ਼ੁੱਕਰਵਾਰ ਵੀ ਇੱਥੇ ਸੀ ਅਤੇ ਉਸ ਦਿਨ ਵੀ ਉਹ ਦਰਬਾਰ ਸਾਹਿਬ ਹੋ ਕੇ ਆਇਆ ਸੀ। ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਦੱਸਿਆ ਕਿ ਘਟਨਾ ਨਾਲ ਜੁੜੇ ਮ੍ਰਿਤਕ ਵਿਅਕਤੀ ਦੀ ਪਛਾਣ ਬਾਰੇ ਹਾਲੇ ਕੁੱਝ ਨਹੀਂ ਪਤਾ ਲੱਗਿਆ। ਇਕ ਵੀਡੀਓ ਸਾਹਮਣੇ ਆਈ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਉਹ 17 ਦਸੰਬਰ ਸ਼ੁੱਕਰਵਾਰ ਨੂੰ ਵੀ ਅੰਮ੍ਰਿਤਸਰ ਵਿੱਚ ਸੀ। ਉਹ ਸਵੇਰੇ ਦਰਬਾਰ ਸਾਹਿਬ ਵੀ ਗਿਆ ਅਤੇ ਲਗਪਗ ਸਾਰਾ ਦਿਨ ਹੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਰਿਹਾ। ਰਾਤ ਨੂੰ ਉਹ ਹੈਰੀਟੇਜ ਸਟਰੀਟ ਵਿਚ ਦਿਖਾਈ ਦਿੱਤਾ। ਅਗਲੇ ਦਿਨ 18 ਦਸੰਬਰ ਦੀ ਸ਼ਾਮ ਨੂੰ ਉਸ ਨੇ ਘਟਨਾ ਨੂੰ ਅੰਜਾਮ ਦਿੱਤਾ। 18 ਦਸੰਬਰ ਦਾ ਸਾਰਾ ਦਿਨ ਵੀ ਉਹ ਕੰਪਲੈਕਸ 'ਚ ਹੀ ਰਿਹਾ। ਪੁਲੀਸ ਹੁਣ 16 ਦਸੰਬਰ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਘੋਖ ਰਹੀ ਹੈ। ਇਸ ਸਬੰਧੀ ਦਰਜਨ ਭਰ ਟੀਮਾਂ ਕੰਮ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 72 ਘੰਟੇ ਦਾ ਸਮਾਂ ਖਤਮ ਹੋਣ ਮਗਰੋਂ ਭਲਕੇ 22 ਦਸੰਬਰ ਨੂੰ ਲਾਸ਼ ਦਾ ਪੋਸਟਮਾਰਟਮ ਕੀਤਾ ਜਾਵੇਗਾ, ਜਿਸ ਤੋਂ ਉਸ ਦੀ ਮੌਤ ਦੇ ਕਾਰਨਾਂ ਬਾਰੇ ਪਤਾ ਲੱਗੇਗਾ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

# ਮਜੀਠੀਆ ਕਨੂੰਨ ਤੋਂ ਭੱਜਣ ਨਾ, ਕੇਸ ਦਾ ਸਾਹਮਣਾ ਕਰਨ-ਭਗਵੰਤ ਮਾਨ



ਅਜਨਾਲਾ-ਇੱਥੋਂ ਦੇ ਸੰਗਮ ਪੈਲਸ ਵਿੱਚ ਆਮ ਆਦਮੀ ਪਾਰਟੀ ਵੱਲੋਂ ਹਲਕਾ ਅਜਨਾਲਾ ਦੇ ਇੰਚਾਰਜ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਭਰਵੀਂ ਰੈਲੀ ਕੀਤੀ ਗਈ। ਇਸ ਮੌਕੇ ਪਹੁੰਚੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਰੈਲੀ ਨੂੰ ਸੰਬੋਧਨ ਕਰਨ ਮਗਰੋਂ ਬਿਕਰਮ ਮਜੀਠੀਆ ਖ਼ਿਲਾਫ਼ ਮੁਕੱਦਮੇ ਬਾਰੇ ਗੱਲ ਕਰਦਿਆਂ ਮਾਨ ਨੇ ਕਿਹਾ ਕਿ ਮਜੀਠੀਆ ਪਹਿਲਾਂ ਖੁਦ ਜਾਂਚ ਦੀ ਮੰਗ ਕਰਦੇ ਸਨ ਪਰ ਹੁਣ ਭੱਜਣ ਦੀ ਬਜਾਏ ਉਨ੍ਹਾਂ ਨੂੰ ਕੇਸ ਦਾ ਸਾਹਮਣਾ ਕਰਕੇ ਸੱਚ ਸਭ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਸਰਕਾਰੀ ਨੌਕਰੀਆਂ 'ਤੇ ਸੇਵਾਮੁਕਤੀ ਦੀ ਉਮਰ ਵਾਂਗ ਸਿਆਸੀ ਨੇਤਾਵਾਂ 'ਤੇ ਉਮਰ ਹੱਦ ਲਾਗੂ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਨੌਜਵਾਨਾਂ ਨੂੰ ਮੌਕਾ ਦੇਣ ਦੀ ਗੱਲ ਵੀ ਕਹੀ। ਸ੍ਰੀ ਮਾਨ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਦੇਣਾ ਭਾਜਪਾ ਦਾ ਚੋਣ ਸਟੰਟ ਹੈ ਪਰ ਪ੍ਰਧਾਨ ਮੰਤਰੀ ਮੋਦੀ 'ਤੇ ਹੁਣ ਪੰਜਾਬੀ ਭਰੋਸਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨੇ 40 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਅਤੇ ਇੱਕ-ਦੋ ਦਿਨਾਂ ਵਿੱਚ 20 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਰਾਣਾ ਸੋਢੀ ਭਾਜਪਾ ਵਿਚ ਸ਼ਾਮਿਲ

ਨਵੀਂ ਦਿੱਲੀ-ਪੰਜਾਬ ਦੇ ਚੋਟੀ ਦੇ ਕਾਂਗਰਸ ਆਗੂਆਂ 'ਚ ਸ਼ੁਮਾਰ ਰਾਣਾ ਗੁਰਮੀਤ ਸਿੰਘ ਸੋਢੀ ਪਾਰਟੀ ਛੱਡ ਭਾਜਪਾ ਵਿਚ ਸ਼ਾਮਲ ਹੋ ਗਏ। ਰਾਣਾ ਗੁਰਮੀਤ ਨੇ ਦੋਸ਼ ਲਾਇਆ ਕਿ ਕਾਂਗਰਸ ਸੂਬੇ ਦੀ 'ਸੁਰੱਖਿਆ ਤੇ ਫ਼ਿਰਕੂ ਸਦਭਾਵਨਾ ਨੂੰ ਦਾਅ ਉਤੇ ਲਾ ਰਹੀ ਹੈ'। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਵਿਚ ਸ਼ਾਂਤੀ ਤੇ ਫ਼ਿਰਕੂ ਭਾਈਚਾਰੇ ਲਈ ਗੰਭੀਰ ਖ਼ਤਰਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਕੇਵਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਨੂੰ ਪੰਜਾਬ ਨੂੰ ਬਚਾ ਸਕਦੇ ਹਨ। ਲਗਾਤਾਰ ਚਾਰ ਵਾਰ ਵਿਧਾਇਕ ਬਣੇ ਸੋਢੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਕਾਫ਼ੀ ਨੇੜੇ ਮੰਨੇ ਜਾਂਦੇ ਹਨ। ਉਨ੍ਹਾਂ ਕਾਂਗਰਸ ਤੋਂ ਆਪਣੇ ਅਸਤੀਫ਼ੇ ਦਾ ਐਲਾਨ ਟਵਿੱਟਰ ਤੋਂ ਕੀਤਾ ਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜਿਆ ਪੱਤਰ ਵੀ ਪੋਸਟ ਕੀਤਾ। ਰਾਣਾ ਸੋਢੀ ਨੇ ਕਿਹਾ ਕਿ, 'ਮੈਂ ਪੰਜਾਬ ਦਾ ਸਾਹ ਘੁੱਟਦਾ ਤੇ ਬੇਵਸੀ ਨਹੀਂ ਦੇਖ ਸਕਦਾ। ਕਾਂਗਰਸ ਪਾਰਟੀ ਨੇ ਸੂਬੇ ਦੀ ਸੁਰੱਖਿਆ ਤੇ ਫ਼ਿਰਕੂ ਏਕੇ ਨੂੰ ਦਾਅ ਉਤੇ ਲਾ ਦਿੱਤਾ ਹੈ। ਦੁਖੀ ਮਨ ਨਾਲ, ਮੈਂ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦਿੰਦਾ ਹੈ। ਇਸ ਤੋਂ ਬਾਅਦ ਰਾਣਾ ਸੋਢੀ ਦਿੱਲੀ ਵਿਚ ਕੇਂਦਰੀ ਮੰਤਰੀਆਂ ਗਜੇਂਦਰ ਸਿੰਘ ਸ਼ੇਖਾਵਤ ਤੇ ਭੁਪੇਂਦਰ ਯਾਦਵ ਦੀ ਹਾਜ਼ਰੀ ਵਿਚ ਭਾਜਪਾ 'ਚ ਸ਼ਾਮਲ ਹੋ ਗਏ। ਜ਼ਿਕਰਯੋਗ ਹੈ ਕਿ ਭਾਜਪਾ ਨੇ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਗੱਠਜੋੜ ਦਾ ਐਲਾਨ ਕੀਤਾ ਹੈ। ਰਾਣਾ ਸੋਢੀ ਨੇ ਕਿਹਾ ਕਿ ਉਹ ਚਾਰ ਦਹਾਕਿਆਂ ਤੋਂ ਵੱਧ ਸਮਾਂ ਕਾਂਗਰਸ ਵਿਚ ਰਹੇ ਹਨ, ਤੇ ਪਾਰਟੀ ਦੀ ਵਰਤਮਾਨ ਅੰਦਰੂਨੀ ਸਥਿਤੀ ਤੋਂ ਨਿਰਾਸ਼ ਸਨ, ਖਾਸ ਕਰ ਕੇ ਪੰਜਾਬ ਵਿਚ ਪਾਰਟੀ ਦੀ ਸਥਿਤੀ ਖ਼ਰਾਬ ਹੈ। ਰਾਣਾ ਸੋਢੀ ਨੇ ਦੋਸ਼ ਲਾਇਆ ਕਿ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ 'ਆਪਣੇ ਨਿੱਜੀ ਲਾਭ ਖਾਤਰ ਸਰਹੱਦੀ ਸੂਬੇ ਨੂੰ ਤਬਾਹ ਕਰਨ ਉਤੇ ਤੁਲੀ ਹੋਈ ਹੈ।' ਉਨ੍ਹਾਂ ਪੰਜਾਬ ਦੀ ਸਥਿਤੀ 'ਤੇ ਅਫ਼ਸੋਸ ਜ਼ਾਹਿਰ ਕਰਦਿਆਂ ਕਾਂਗਰਸ 'ਤੇ ਵੋਟਾਂ ਖਾਤਰ ਸੂਬੇ ਨੂੰ ਵੰਡਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਉਹ ਸੂਬੇ ਦੀ ਸਥਿਤੀ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਮਿਲੇ ਸਨ। ਭਾਜਪਾ ਦੀ ਸਿਖ਼ਰਲੀ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ ਸੋਢੀ ਨੇ ਕਿਹਾ ਕਿ ਭਾਰਤ ਨੂੰ ਇਸੇ ਤਰ੍ਹਾਂ ਦੀ ਅਗਵਾਈ ਚਾਹੀਦੀ ਹੈ। ਰਾਜੀਵ ਗਾਂਧੀ ਤੇ ਸੋਨੀਆ ਗਾਂਧੀ ਨਾਲ ਆਪਣੀ ਨੇੜਤਾ ਨੂੰ ਯਾਦ ਕਰਦਿਆਂ ਸੋਢੀ ਨੇ ਦੋਸ਼ ਲਾਇਆ ਕਿ ਕਾਂਗਰਸ ਦੀਆਂ ਧਰਮ ਨਿਰਪੱਖ ਕਦਰਾਂ-ਕੀਮਤਾਂ ਹੁਣ ਢਹਿ-ਢੇਰੀ ਹੋ ਗਈਆਂ ਹਨ ਤੇ ਅੰਦਰੂਨੀ ਕਲੇਸ਼ ਵੱਧ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਥਿਰ ਸਰਕਾਰ ਚਾਹੀਦੀ ਹੈ ਜੋ ਇਸ ਨੂੰ ਬਚਾਏ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲੇ। ਸ਼ੇਖਾਵਤ ਨੇ ਰਾਜ ਦੀ ਸਿਆਸਤ ਵਿਚ ਸੋਢੀ ਦੇ ਯੋਗਦਾਨ ਦੀ ਸ਼ਲਾਘਾ ਕੀਤੀ।



# ਬਰਤਾਨੀਆ ਦੀ ਐਮ.ਪੀ. ਪ੍ਰੀਤ ਗਿੱਲ ਦੇ ਟਵੀਟ ਦੀ ਆਲੋਚਨਾ

ਲੰਡਨ-ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੂੰ ਸੋਸ਼ਲ ਮੀਡੀਆ 'ਤੇ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ 'ਚ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਨੂੰ ਮਾਰਨ ਵਾਲਿਆਂ ਪਿੱਛੇ 'ਹਿੰਦੂ ਅਤਿਵਾਦ' ਦਾ ਹੱਥ ਹੋਣ ਵੱਲ ਇਸ਼ਾਰਾ ਕੀਤਾ ਸੀ। ਚੁਫੇਰਿਓਂ ਆਲੋਚਨਾ ਹੋਣ ਮਗਰੋਂ ਉਨ੍ਹਾਂ ਇਹ ਟਵੀਟ ਡਿਲੀਟ ਕਰ ਦਿੱਤਾ। ਬਰਤਾਨੀਆ 'ਚ ਇੰਮੀਗਰੇਸ਼ਨ ਵਕੀਲ ਹਰਜਾਪ ਭੰਗਲ ਵੱਲੋਂ ਇਸ ਘਟਨਾ ਸਬੰਧੀ ਟਵਿੱਟਰ 'ਤੇ ਸਾਂਝੀ ਕੀਤੀ ਗਈ ਵੀਡੀਓ 'ਤੇ ਲੇਬਰ ਪਾਰਟੀ ਦੀ ਸੰਸਦ ਮੈਂਬਰ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਕਿ ਇਹ ਘਟਨਾ ਸਪੱਸ਼ਟ ਤੌਰ 'ਤੇ ਅਤਿਵਾਦ ਨਾਲ ਸਬੰਧਤ ਹੈ। ਉਨ੍ਹਾਂ ਵੱਲੋਂ ਬਾਅਦ ਵਿੱਚ ਜੋ ਟਵੀਟ ਡਿਲੀਟ ਕਰ ਦਿੱਤਾ ਗਿਆ ਸੀ ਉਸ 'ਚ ਉਨ੍ਹਾਂ ਲਿਖਿਆ ਸੀ, 'ਹਿੰਦੂ ਅਤਿਵਾਦੀਆਂ ਨੂੰ ਹਰਿਮੰਦਰ ਸਾਹਿਬ 'ਚ ਸਿੱਖਾਂ ਖ਼ਿਲਾਫ਼ ਹਿੰਸਕ ਕਾਰਵਾਈ ਕਰਨ ਤੋਂ ਰੋਕ ਦਿੱਤਾ ਗਿਆ।' ਲੰਡਨ 'ਚ ਭਾਰਤੀ ਹਾਈ ਕਮਿਸ਼ਨ ਨੇ ਵੀ ਇਸ ਟਵੀਟ ਦੀ ਨਿੰਦਾ ਕੀਤੀ। ਹਾਈ ਕਮਿਸ਼ਨ ਦੇ ਬੁਲਾਰੇ ਨੇ ਬਰਤਾਨਵੀ ਸੰਸਦ ਮੈਂਬਰ ਦੇ ਟਵੀਟ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਨਾਲ ਪਰਵਾਸੀ ਭਾਰਤੀ ਭਾਈਚਾਰੇ 'ਤੇ ਗਲਤ ਪ੍ਰਭਾਵ ਪਵੇਗਾ।



EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515




WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS
Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਮੁਲਕ ਨੂੰ ਪਾਕਿਸਤਾਨ ਤੋਂ ਗੰਭੀਰ ਖਤਰਾ-ਕੈਪਟਨ ਅਮਰਿੰਦਰ ਸਿੰਘ

ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਤਿਵਾਦ ਤੇ ਵਪਾਰ ਇਕੱਠੇ ਨਹੀਂ ਚੱਲ ਸਕਦੇ। ਪਾਕਿਸਤਾਨ ਦੇ ਨਾਲ ਉਦੋਂ ਤੱਕ ਵਪਾਰ ਕਰਨ ਦਾ ਸਵਾਲ ਹੀ ਨਹੀਂ ਉੱਠਦਾ, ਜਦੋਂ ਤੱਕ ਉਹ ਅਤਿਵਾਦ ਨੂੰ ਫੰਡਿੰਗ ਕਰਨਾ ਅਤੇ ਬਾਰਡਰਾਂ ਤੇ ਸਾਡੇ ਜਵਾਨਾਂ ਨੂੰ ਮਾਰਨਾ ਬੰਦ ਨਹੀਂ ਕਰਦਾ। ਮੀਡੀਆ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਨੇ ਪਾਕਿਸਤਾਨ ਵਾਲੇ ਪਾਸਿਓਂ ਪੰਜਾਬ ਲਈ ਬਣੇ ਸੁਰੱਖਿਆ ਦੇ ਗੰਭੀਰ ਖ਼ਤਰੇ ਦਾ ਹਵਾਲਾ ਦਿੰਦਿਆਂ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਕਈ ਅਤਿਵਾਦੀ ਗੁੱਟਾਂ ਦੇ ਸਲੀਪਰ ਸੈੱਲ ਸਰਗਰਮ ਹਨ ਅਤੇ ਉਹ ਪੰਜਾਬ 'ਚ ਮਾਹੌਲ ਵਿਗਾੜਨ ਲਈ ਆਈਐੱਸਆਈ ਦੀ ਮਦਦ ਕਰ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਬੇਅਦਬੀ ਕਰਕੇ ਲੋਕਾਂ ਨੂੰ ਧਾਰਮਿਕ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਹੈ ਤੇ ਸੂਬੇ 'ਚ ਸ਼ਾਂਤੀ ਦਾ ਮਾਹੌਲ ਇਸ ਨਾਲ ਵਿਗੜ ਸਕਦਾ ਹੈ। ਉਨ੍ਹਾਂ ਕਿਹਾ ਕਿ ਆਈਐੱਸਆਈ ਵਰਗੀਆਂ ਕਈ ਵਿਦੇਸ਼ੀ ਏਜੰਸੀਆਂ ਕਈ ਵੱਖਵਾਦੀ ਅਤੇ ਅਤਿਵਾਦੀ ਸਲੀਪਰ ਸੈੱਲਾਂ ਦੇ ਸਹਿਯੋਗ ਨਾਲ ਸਰਗਰਮ ਹਨ, ਜਿਹੜੇ ਅਜਿਹੀ ਸਥਿਤੀ ਬਣਨ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੱਖਣ ਏਸ਼ੀਆ ਵਿੱਚ ਸੁਰੱਖਿਆ ਨੀਤੀ ਵਿੱਚ ਬਦਲਾਅ ਨਾਲ ਚੀਨ ਤੇ ਪਾਕਿਸਤਾਨ ਇਕੱਠੇ ਹੋ ਚੁੱਕੇ ਹਨ, ਜਿਹੜੇ ਲਗਭਗ ਇੱਕ ਦੇਸ਼ ਹੀ ਬਣ ਚੁੱਕੇ ਹਨ। ਅਜਿਹੇ ਵਿੱਚ ਭਾਰਤ ਨੂੰ ਹੋਰ ਚੌਕਸ ਰਹਿਣ ਦੀ ਲੋੜ ਹੈ। ਕੈਪਟਨ ਅਮਰਿੰਦਰ ਨੇ ਕਿਹਾ ਕਿ ਚੀਨ ਨੇ ਪਾਕਿਸਤਾਨ ਵਿੱਚ ਅਰਬਾਂ ਡਾਲਰ ਦਾ ਨਿਵੇਸ਼ ਕੀਤਾ ਹੈ। ਇਸ ਤਰ੍ਹਾਂ ਅਫ਼ਗਾਨਿਸਤਾਨ ਨੂੰ ਵਿੱਤੀ ਮਦਦ ਦੀ ਬਹੁਤ ਲੋੜ ਹੈ ਅਤੇ ਚੀਨ ਇਹ ਕਰਨ ਨੂੰ ਤਿਆਰ ਹੈ, ਤਾਲਿਬਾਨ ਭਾਰਤ ਲਈ ਇੱਕ ਹੋਰ ਚਿੰਤਾ ਦਾ ਕਾਰਨ ਬਣ ਸਕਦਾ ਹੈ, ਜਿਸ ਨੂੰ ਚੀਨ ਵੱਲੋਂ ਭਾਰਤ ਵਿੱਚ ਘੁਸਪੈਠ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਡਰੋਨ ਤਕਨੀਕ ਨਾਲ ਵੀ ਸਿੱਝਣ ਦੀ ਲੋੜ ਹੈ। ਇਹ ਦੇਸ਼ ਦੀ ਸੁਰੱਖਿਆ ਲਈ ਵੱਡਾ ਖਤਰਾ ਹੈ, ਇਸ ਨਾਲ ਪਾਕਿਸਤਾਨ ਨੂੰ ਨਸ਼ੇ ਅਤੇ ਹਥਿਆਰਾਂ ਦੀ ਭਾਰਤ 'ਚ ਤਸਕਰੀ ਕਰਨ ਲਈ ਇੱਕ ਹੋਰ ਰਸਤਾ ਮਿਲ ਜਾਂਦਾ ਹੈ।



# ਕੇਜਰੀਵਾਲ ਨੇ ਸਿੱਧੂ ਵੱਲੋਂ ਬਹਿਸ ਦੀ ਚੁਣੌਤੀ ਕਬੂਲੀ

ਚੰਡੀਗੜ੍ਹ-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ 'ਆਪ' ਨੂੰ ਦਿੱਤੀ ਗਈ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਦਿਆਂ ਸਿੱਧੂ ਨੂੰ ਬਹਿਸ ਲਈ ਸਥਾਨ ਅਤੇ ਸਮਾਂ ਤੈਅ ਕਰਨ ਲਈ ਕਿਹਾ ਹੈ। ਸ੍ਰੀ ਕੇਜਰੀਵਾਲ ਨੇ ਬਹਿਸ ਲਈ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਦਾ ਨਾਮ ਤੈਅ ਕੀਤਾ ਅਤੇ ਸਕਾਰਾਤਮਕ ਚਰਚਾ ਦੀ ਉਮੀਦ ਜਤਾਈ ਹੈ। ਸ੍ਰੀ ਕੇਜਰੀਵਾਲ ਨੇ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਲਈ ਪ੍ਰਚਾਰ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਨਵਜੋਤ ਸਿੱਧੂ ਵੱਲੋਂ ਦਿੱਤੀ ਗਈ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਚਰਚਾ ਸਕਾਰਾਤਮਕ ਅਤੇ ਵਿਕਾਸ ਦੇ ਮੁੱਦੇ 'ਤੇ ਹੋਵੇਗੀ। ਸ੍ਰੀ ਸਿੱਧੂ ਬਹਿਸ ਲਈ ਸਥਾਨ ਅਤੇ ਸਮਾਂ ਤੈਅ ਕਰਨ। ਉਨ੍ਹਾਂ ਕਿਹਾ ਕਿ ਸਿੱਧੂ ਕਾਂਗਰਸ ਦੇ ਸੂਬਾ ਪ੍ਰਧਾਨ ਹਨ, ਇਸ ਲਈ ਉਨ੍ਹਾਂ ਦੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਪੰਜਾਬ ਦੇ ਵਿਕਾਸ ਦੇ ਮੁੱਦੇ 'ਤੇ ਉਨ੍ਹਾਂ ਨਾਲ ਬਹਿਸ ਕਰਨਗੇ। ਪੰਜਾਬ ਦੀ ਕਾਂਗਰਸ ਸਰਕਾਰ ਦੀ ਆਲੋਚਨਾ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ ਨੂੰ ਪੰਜਾਬ ਦਾ ਵਿਕਾਸ ਕਰਨ ਲਈ 5 ਸਾਲ ਦਾ ਸਮਾਂ ਮਿਲਿਆ ਸੀ ਪਰ ਉਸ ਨੇ ਲੋਕਾਂ ਨਾਲ ਧੋਖਾ ਕੀਤਾ ਅਤੇ ਸਿਰਫ਼ ਬਹਾਨੇ ਬਣਾਏ ਹਨ। 'ਆਪ' ਦੇ ਸੁਪਰੀਮੋ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਵਾਪਰੀ ਬੇਅਦਬੀ ਦੀ ਘਟਨਾ 'ਤੇ ਦੁਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਕਿਸੇ ਸਾਜ਼ਿਸ਼ ਦਾ ਹਿੱਸਾ ਹੋ ਸਕਦੀ ਹੈ। ਇਸ ਬਾਰੇ ਜਾਂਚ ਹੋਣੀ ਚਾਹੀਦੀ ਹੈ।





# ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਖ਼ਿਲਾਫ਼ ਮੁੜ ਸਾਧਿਆ ਨਿਸ਼ਾਨਾ

ਅੰਮ੍ਰਿਤਸਰ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇੱਥੇ ਆਪਣੇ ਗ੍ਰਹਿ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਮੁੜ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਨਸ਼ਿਆਂ ਦੇ ਕਾਰੋਬਾਰ ਸਬੰਧੀ ਇਕ ਜਾਂਚ ਰਿਪੋਰਟ ਚਾਰ ਸਾਲ ਆਪਣੇ ਕੋਲ ਰੱਖੀ ਪਰ ਕੋਈ ਕਾਰਵਾਈ ਨਹੀਂ ਕੀਤੀ। ਹੁਣ ਜਦੋਂ ਇਸ ਰਿਪੋਰਟ ਦੇ ਆਧਾਰ 'ਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੇਸ ਦਰਜ ਹੋਇਆ ਹੈ ਤਾਂ ਉਹ ਇਸ ਨੂੰ ਗਲਤ ਦੱਸ ਰਹੇ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਕੈਪਟਨ ਤੇ ਬਾਦਲ ਦਲ ਆਪਸ ਵਿੱਚ ਰਲੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਮਜੀਠੀਆ ਖ਼ਿਲਾਫ਼ ਕੇਸ ਦਰਜ ਕਰਨ ਵਿਰੁੱਧ ਦਿੱਤੇ ਬਿਆਨ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਸਿੱਧੂ ਨੇ ਆਖਿਆ ਕਿ ਸਾਬਕਾ ਮੁੱਖ ਮੰਤਰੀ ਤੇ ਬਾਦਲਾਂ ਦੀ ਮਿਲੀਭੁਗਤ ਲੋਕਾਂ ਦੇ ਸਾਹਮਣੇ ਆ ਗਈ ਹੈ। 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਮਜੀਠੀਆ ਖ਼ਿਲਾਫ਼ ਦਰਜ ਕੀਤੇ ਕੇਸ ਨੂੰ ਚੋਣ ਸਟੰਟ ਦੱਸਣ 'ਤੇ ਸਿੱਧੂ ਨੇ ਦੋਸ਼ ਲਾਇਆ ਕਿ ਉਹ ਵੀ ਅਕਾਲੀਆਂ ਨਾਲ ਮਿਲੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਸਭ ਤੋਂ ਪਹਿਲਾਂ ਮਜੀਠੀਆ ਖ਼ਿਲਾਫ਼ ਨਸ਼ਿਆਂ ਦੇ ਮਾਮਲੇ ਵਿੱਚ ਦੋਸ਼ ਲਾਏ ਸਨ ਪਰ ਕੁਝ ਦੇਰ ਬਾਅਦ ਹੀ ਮੁਆਫ਼ੀ ਮੰਗ ਲਈ ਸੀ। ਹੁਣ ਵੀ ਉਹ ਬਾਦਲਾਂ ਦੀਆਂ ਬੱਸਾਂ ਨੂੰ ਬਿਨਾਂ ਰੋਕ-ਟੋਕ ਦਿੱਲੀ ਵਿੱਚ ਦਾਖਲ ਹੋਣ ਦੇ ਰਹੇ ਹਨ। ਨਵਜੋਤ ਸਿੱਧੂ ਨੇ ਆਖਿਆ ਕਿ ਪੰਜਾਬ ਦੇ ਭਵਿੱਖ ਲਈ ਅਗਾਮੀ ਚੋਣਾਂ ਅਤਿ ਅਹਿਮ ਹਨ। ਜੇਕਰ ਉਨ੍ਹਾਂ ਨੂੰ ਜ਼ਿੰਮੇਵਾਰੀ ਮਿਲੀ ਤਾਂ ਉਹ ਪੰਜਾਬ ਮਾਡਲ ਰਾਹੀਂ ਸੂਬੇ ਨੂੰ ਖੁਸ਼ਹਾਲੀ ਵੱਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਠੋਸ ਨੀਤੀ ਦੀ ਲੋੜ ਹੈ, ਨਾ ਕਿ ਗੁਮਰਾਹ ਕਰਨ ਵਾਲੇ ਵਾਅਦਿਆਂ ਤੇ ਲੌਲੀਪੋਪ ਦੀ। ਕਾਂਗਰਸੀ ਆਗੂ ਰਾਣਾ ਗੁਰਮੀਤ ਸੋਢੀ ਦੇ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਗੱਲ ਕਰਦਿਆਂ ਸਿੱਧੂ ਨੇ ਕਿਹਾ ਕਿ ਭਾਜਪਾ ਵੱਲੋਂ ਉਨ੍ਹਾਂ 'ਤੇ ਦਬਾਅ ਪਾਇਆ ਗਿਆ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਈਡੀ ਦਾ ਦਬਾਅ ਪਾ ਕੇ ਕਾਂਗਰਸੀਆਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ।



# ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਖਿਲਾਫ...

ਸਫ਼ਾ 1 ਦੀ ਬਾਕੀ

ਪੈੜ ਨੱਪਣ ਲਈ ਹੁਣ ਉਸ ਦੇ ਕਰੀਬੀਆਂ ਦੀ ਸੂਚੀ ਵੀ ਤਿਆਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨਸ਼ਿਆਂ ਦੀ ਤਸਕਰੀ ਮਾਮਲੇ ਵਿੱਚ ਐੱਸਟੀਐੱਫ਼ ਦੀ ਰਿਪੋਰਟ ਵਿੱਚ ਦਰਜ ਹੋਰ ਰਾਜਸੀ ਆਗੂਆਂ ਤੋਂ ਵੀ ਸਿਟ ਪੁੱਛ-ਗਿੱਛ ਕਰਨ ਬਾਰੇ ਵਿਚਾਰ ਕਰ ਰਹੀ ਹੈ।

## ਮਜੀਠੀਆ ਖਿਲਾਫ ਕੇਸ ਗਲਤ-ਕੈਪਟਨ

ਪਟਿਆਲਾ-ਪੰਜਾਬ ਸਰਕਾਰ ਵੱਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਕੀਤੇ ਗਏ ਕੇਸ ਨੂੰ ਲੈ ਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਤਰਕ ਹੈ ਕਿ ਡਰੱਗਜ਼ ਮਾਮਲੇ ਉੱਤੇ ਆਧਾਰਤ ਕੇਸ ਦੇ ਹਰ ਪਹਿਲੂ ਨੂੰ ਉਹ ਡੂੰਘਾਈ ਨਾਲ ਜਾਣਦੇ ਹਨ। ਸਾਬਕਾ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਗਵਾਹੀ ਅਤੇ ਬਿਨਾਂ ਕਿਸੇ ਸਬੂਤ ਤੋਂ ਕੇਸ ਦਰਜ ਕਰਨਾ ਸਰਾਸਰ ਗ਼ਲਤ ਹੈ। ਉਨ੍ਹਾਂ ਨੇ ਇਸ ਕੇਸ ਨੂੰ ਰਾਜਸੀ ਹਿੱਤਾਂ ਤੋਂ ਪ੍ਰੇਰਿਤ ਦੱਸਿਆ। ਉਹ ਆਪਣੇ ਜੱਦੀ ਜ਼ਿਲੇ ਪਟਿਆਲਾ ਦੇ ਸ਼ਹਿਰ ਰਾਜਪੁਰਾ ਵਿਖੇ ਪੁੱਜੇ ਹੋਏ ਸਨ।

# ਮਜੀਠੀਆ ਨੂੰ ਭੱਜਣ ਨਹੀਂ ਦਿਆਂਗੇ-ਚੰਨੀ

ਸਫ਼ਾ 1 ਦੀ ਬਾਕੀ

ਨਿੰਦਾ ਕਰਦਿਆਂ ਚੰਨੀ ਨੇ ਉਸ ਨੂੰ ਕਾਲਾ ਅੰਗਰੇਜ਼ ਦੱਸਿਆ ਅਤੇ ਕਿਹਾ ਕਿ ਜੇਕਰ ਉਸ ਨੇ ਮਜੀਠੀਆ ਤੋਂ ਮੁਆਫੀ ਨਾ ਮੰਗੀ ਹੁੰਦੀ ਤਾਂ ਇਹ ਕਾਰਵਾਈ ਪਹਿਲਾਂ ਹੀ ਹੋ ਜਾਣੀ ਸੀ। ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਹਲਕਾ ਗਿੱਦੜਬਾਹਾ ਦੇ ਦੋਦਾ 'ਚ ਕਰਵਾਈ ਗਈ ਰੈਲੀ ਦੌਰਾਨ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਬੋਲਦਿਆਂ ਚੰਨੀ ਨੇ ਕਿਹਾ ਉਹ ਚਾਚਾ-ਭਤੀਜਾ ਬਣ ਕੇ ਖੇਡ ਖੇਡਦੇ ਰਹੇ। ਇਸ ਮੌਕੇ ਮੁੱਖ ਮੰਤਰੀ ਨੇ ਦੋ ਕਿਸਾਨਾਂ ਦੇ ਪਰਿਵਾਰਾਂ ਨੂੰ ਚੈੱਕ ਤਕਸੀਮ ਕੀਤੇ। ਉਨ੍ਹਾਂ ਐਲਾਨ ਕੀਤਾ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਣ ਵਾਲੇ ਕਿਸਾਨਾਂ ਦੀ ਯਾਦ ਵਿਚ ਮੁਕਤਸਰ ਜ਼ਿਲ੍ਹੇ 'ਚ 10 ਏਕੜ ਜ਼ਮੀਨ ਦਾ ਪ੍ਰਬੰਧ ਕਰਕੇ ਯਾਦਗਾਰ ਬਣਾਈ ਜਾਵੇਗੀ। ਰੈਲੀ ਨੂੰ ਸੰਬੋਧਨ ਕਰਦਿਆਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਕਾਲੀਆਂ ਦੀ ਸਰਕਾਰ ਵੇਲੇ ਚਿੱਟੇ ਦਾ ਨਸ਼ਾ ਆਇਆ ਜਿਸ ਨੇ ਪੰਜਾਬ ਦੀ ਨੌਜਵਾਨੀ ਦੀ ਬਰਬਾਦੀ ਦਾ ਮੁੱਢ ਬੰਨ੍ਹਿਆ ਅਤੇ ਲੋਕਾਂ ਨੂੰ ਮਰਜ਼ੀ ਨਾਲ ਲੁੱਟਿਆ ਅਤੇ ਕੁੱਟਿਆ। ਸੁਖਬੀਰ ਸਿੰਘ ਬਾਦਲ ਨੂੰ ਵੰਗਾਰਦਿਆਂ ਉਨ੍ਹਾਂ ਕਿਹਾ ਕਿ ਮਜੀਠੀਆ ਵਾਂਗ ਹੀ ਉਸ ਨੂੰ ਵੀ ਭੁਗਤਨਾ ਪਵੇਗਾ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com




# ਗੁ: ਸੁੱਖ ਸਾਗਰ ਨਿਊ ਵੈਸਟ ਮਨਿਸਟਰ ਤੇ ਸਿੱਖ ਅਵੇਅਰਨੈਸ ਫਾਊਂਡੇਸ਼ਨ ਵੱਲੋਂ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਯਾਦ ਵਿਚ ਸਕੂਲ

ਸਰੀ-ਨਿਊ ਵੈਸਟ ਮਨਿਸਟਰ-ਗੁਰਦੁਆਰਾ ਸੁੱਖ ਸਾਗਰ ਨਿਊ ਵੈਸਟ ਮਨਿਸਟਰ ਬੀ ਸੀ ਨੇ ਸਿੱਖ ਅਵੇਅਰਨੈਸ ਫਾਊਂਡੇਸ਼ਨ ਨਾਲ ਸਾਂਝੇਦਾਰੀ ਕਰਦਿਆਂ/50,000 ਦਾਨ ਕੀਤੇ, ਜਿਸ ਨੇ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਯਾਦ ਵਿੱਚ ਉਹਨਾਂ ਦੇ ਜੱਦੀ ਪਿੰਡ ਲੋਪੂਕ ਅੰਮ੍ਰਿਤਸਰ ਵਿਖੇ ਇੱਕ ਸਕੂਲ ਬਣਾਉਣ ਲਈ/30,000 ਲਗਾਏ ਹਨ। ਲੋੜਵੰਦ ਪਰਿਵਾਰਾਂ ਲਈ ਇਹ ਉਹਨਾਂ ਲਈ ਆਪਣੇ ਬੱਚਿਆਂ ਨੂੰ ਭੇਜਣ ਲਈ ਇੱਕ ਮੁਫਤ ਸਕੂਲ ਹੈ। ਸਕੂਲ ਦਾ ਸ਼ਾਨਦਾਰ ਉਦਘਾਟਨ 26 ਨਵੰਬਰ, 2021 ਕੀਤਾ ਗਿਆ ਹੈ। ਵਧੇਰੇ ਜਾਣਕਾਰੀ ਲਈ ਸ ਜਸਪਾਲ ਸਿੰਘ ਚਾਹਲ ਨਾਲ ਫੋਨ ਨੰਬਰ 778-862-3905 ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਬਿਲ-21 ਵਿਰੁੱਧ ਕਾਨੂੰਨੀ ਲੜਾਈ ਲੜਨ ਵਾਲਿਆਂ ਨੂੰ ਆਰਥਿਕ ਮਦਦ ਨਹੀਂ ਦੇ ਸਕੇਗਾ ਕੈਲਗਰੀ

ਕੈਲਗਰੀ (ਕਮਲਜੀਤ ਬੁੱਟਰ)-ਕਿਊਬੈਕ ਸਰਕਾਰ ਵੱਲੋਂ ਲਿਆਂਦੇ ਗਏ ਅਤੇ ਧਾਰਮਿਕ ਕਮਿਊਨਿਟੀਜ਼ ਨੂੰ ਨਿਸ਼ਾਨਾ ਬਣਾਉਂਦੇ ਬਿਲ-21 ਸੰਬੰਧੀ ਕਾਨੂੰਨ ਦਾ ਵਿਰੋਧ ਕਰਨ ਵਾਸਤੇ ਕੈਲਗਰੀ ਕੌਂਸਲ ਹੁਣ 1 ਲੱਖ ਡੌਲਰਜ਼ ਦੀ ਰਕਮ ਦੇਣ ਤੋਂ ਪਿਛਾਂਹ ਹਟ ਗਈ ਹੈ। 10-5 ਦੇ ਫ਼ਰਕ ਨਾਲ ਹੋਈ ਵੋਟਿੰਗ ਵਿੱਚ ਇਸ ਕਾਨੂੰਨ ਦਾ ਵਿਰੋਧ ਜਾਰੀ ਰੱਖਣ ਦਾ ਮਤਾ ਪ੍ਰਵਾਨ ਕਰ ਲਿਆ ਗਿਆ ਹੈ। 3 ਮੈਂਬਰੀ ਕਮੇਟੀ ਬਣਾਉਣ ਦਾ ਫੈਸਲਾ ਹੋਇਆ ਹੈ ਜੋ ਲੋਕਲ ਲੀਗਲ ਅਤੇ ਧਾਰਮਿਕ ਆਗੂਆਂ ਨਾਲ ਵਿਚਾਰ ਕਰਕੇ ਇਹ ਫੈਸਲਾ ਦੇਵੇਗੀ ਕਿ ਸਿਟੀ ਨੂੰ ਕੀ ਕਰਨਾ ਚਾਹੀਦਾ ਹੈ। ਇਸ ਵਿੱਚ ਨੌਨ-ਪ੍ਰੌਫਿਟ ਸੰਸਥਾਵਾਂ ਵੱਲੋਂ ਫੰਡ ਇਕੱਠਾ ਕਰਕੇ ਕਾਨੂੰਨੀ ਲੜਾਈ ਵਾਸਤੇ ਦੇਣ ਅਤੇ ਇਸ ਵਿੱਚ ਸਿਟੀ ਵੱਲੋਂ ਬਰਾਬਰ ਦਾ ਯੋਗਦਾਨ ਦੇਣ ਆਦਿ ਬਾਰੇ ਵੀ ਸ਼ਾਮਿਲ ਹੋਵੇਗਾ। ਕੌਂਸਲਰਜ਼ ਪੀਟਰ ਡਿਮੌਂਗ, ਡੈਨ ਮੈਕਲੀਨ, ਸੋਨਿਆ ਸ਼ਾਰਪ, ਸ਼ੌਨ ਚੂ ਅਤੇ ਆਂਦਰੇ ਸ਼ੋਬੋ ਨੇ ਇਸ ਮਤੇ ਦੇ ਖਿਲਾਫ਼ ਵੋਟਿੰਗ ਕੀਤੀ। ਇਹਨਾਂ ਦਾ ਕਹਿਣਾ ਸੀ ਕਿ ਸ਼ਹਿਰ ਦੀ ਰਕਮ ਖ਼ਰਚ ਕਰਨਾ ਠੀਕ ਨਹੀਂ ਹੈ ਤੇ ਇਸ ਦਾ ਹੋਰ ਸਭ ਢੰਗ ਨਾਲ ਵਿਰੋਧ ਕੀਤਾ ਜਾਣਾ ਜਾਇਜ਼ ਹੈ।

# ਅਲਬਰਟਾ 'ਚ ਓਮੀਕ੍ਰੋਨ ਕੇਸਾਂ 'ਚ ਦਿਨੋ ਦਿਨ ਵਾਧਾ

ਕੈਲਗਰੀ (ਕਮਲਜੀਤ ਬੁੱਟਰ)-ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਅਤੇ ਖ਼ਤਰਨਾਕ ਵੇਰੀਐਂਟ ਓਮੀਕ੍ਰੋਨ ਦੇ ਮਾਮਲਿਆਂ ਵਿੱਚ ਤੇਜ਼ ਗਤੀ ਨਾਲ ਵਾਧਾ ਹੋਣ ਲੱਗਿਆ ਹੈ। ਲੰਘੀ ਬਾਦ ਦੁਪਹਿਰ ਦੱਸਿਆ ਗਿਆ ਕਿ ਸੂਬੇ ਵਿੱਚ ਓਮਿਕ੍ਰੋਨ ਦੇ 872 ਕੇਸ ਪਿਛਲੇ ਤਿੰਨ ਦਿਨਾਂ ਵਿੱਚ ਆ ਗਏ ਤੇ ਇਸ ਦੀ ਗਿਣਤੀ ਵਧ ਕੇ 1045 ਹੋ ਗਈ ਹੈ। ਤਿੰਨਾਂ ਦਿਨਾਂ ਵਿੱਚ 1053 ਐਕਟਿਵ ਕੇਸ ਆਏ ਰਿਪੋਰਟ ਕੀਤੇ ਗਏ ਹਨ। ਓਮਿਕ੍ਰੋਨ ਦੇ 1045 ਮਾਮਲਿਆਂ ਵਿਚੋਂ 613 ਕੈਲਗਰੀ ਜ਼ੋਨ ਵਿੱਚ, 367 ਐਡਮੰਟਨ ਜ਼ੋਨ ਵਿੱਚ। 35 ਨੌਰਥ ਜ਼ੋਨ ਵਿੱਚ, 20 ਸੈਂਟਰਲ ਜ਼ੋਨ ਵਿੱਚ ਅਤੇ 10 ਸਾਊਥ ਜ਼ੋਨ ਵਿੱਚ ਰਿਪੋਰਟ ਕੀਤੇ ਗਏ ਹਨ। ਵੀਕ-ਐਂਡ ਦੌਰਾਨ 6 ਹੋਰ ਵਿਅਕਤੀਆਂ ਦੀ ਮੌਤ ਹੋਈ ਰਿਪੋਰਟ ਕੀਤੀ ਗਈ ਹੈ। ਮਰਨ ਵਾਲੇ ਵਿਅਕਤੀਆਂ ਦੀ ਕੁਲ ਗਿਣਤੀ ਵਧ ਕੇ 3292 'ਤੇ ਪਹੁੰਚ ਗਈ ਹੈ।

# ਪਾਠਕਾਂ 'ਚ ਮਕਬੂਲ ਹੋ ਰਿਹੈ ਅਮਰਜੀਤ ਚਾਹਲ ਦਾ ਨਾਵਲ 'ਓਟ'



ਸਰੀ (ਹਰਦਮ ਮਾਨ)-ਸਰੀ ਰਹਿੰਦੇ ਅਮਰਜੀਤ ਚਾਹਲ ਦਾ ਪਲੇਠਾ ਨਾਵਲ 'ਓਟ' ਆਪਣੀ ਵੱਖਰੀ, ਦਿਲਚਸਪ, ਸੁਆਦਲੀ ਸ਼ੈਲੀ ਤੇ ਵਾਰਤਾਲਾਪ ਸਦਕਾ ਪੰਜਾਬੀ ਪਾਠਕਾਂ ਵਿਚ ਮਕਬੂਲੀਅਤ ਹਾਸਲ ਕਰ ਰਿਹਾ ਹੈ। ਇਸ ਨਾਵਲ ਵਿਚ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਸੂਬੇ ਦੇ ਸ਼ਹਿਰ ਸਰੀ ਤੋਂ ਕੈਲਗਰੀ ਤੱਕ ਦੀ ਟਰੱਕ ਰਾਹੀਂ ਯਾਤਰਾ ਦਾ ਖ਼ੂਬਸੂਰਤ ਤੇ ਕਲਾਮਈ ਗਾਲਪਨਿਕ ਬਿਰਤਾਂਤ ਹੈ। ਇਸ ਵਿਚ ਵੈਨਕੂਵਰ ਤੋਂ ਕੈਲਗਰੀ ਦੇ ਰਸਤੇ ਵਿਚ ਆਉਂਦੇ ਹਰੇਕ ਸ਼ਹਿਰ ਬਾਰੇ ਬੜੀ ਦਿਲਚਸਪ ਜਾਣਕਾਰੀ ਹੈ। ਡਰਾਈਵਰਾਂ ਦੀ ਜ਼ਿੰਦਗੀ ਬਾਰੇ ਇਹ ਇਕ ਸ਼ਾਹਕਾਰ ਕਿਰਤ ਹੈ। ਇਹ ਨਾਵਲ ਮਨੁੱਖ ਅੰਦਰ ਮਚਲਦੇ ਚਾਵਾਂ, ਦੱਬੀਆਂ ਖਾਹਿਸ਼ਾਂ, ਮਾਨਵੀ ਮੋਹ ਦੀਆਂ ਚੰਗਿਆੜੀਆਂ ਅਤੇ ਟੁੱਟਦੇ ਜੁੜਦੇ ਰਿਸ਼ਤਿਆਂ ਦੀ ਯਾਤਰਾ ਹੈ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

We Can Help You Sell Your House!

**Satvir Cheema**
**604-240-9148**



CENTURY 21 Coastal Realty Ltd.
#105-7928 128th St.,
Surrey, BC, V3W 4E8

satvir.cheema@century21.ca



PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 25 ਦਸੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465



For All Your Real Estate Needs

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St.,
Surrey, BC, V3W 4E8



info@amrikcheema.com


## ਬੀਸੀ ਵਿਚ ਲਗਾਤਾਰ ਵਧ ਰਹੀਆਂ ਹਨ ਘਰਾਂ ਦੀਆਂ ਕੀਮਤਾਂ




ਵਿਕਟੋਰੀਆ-ਬੀਸੀ ਵਿਚ ਘਰਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਅਤੇ ਔਸਤ ਘਰ ਦੀ ਕੀਮਤ ਵਧ ਕੇ 9939-92 ਡਾਲਰ ਹੋ ਗਈ ਹੈ। ਇਹ ਨਵੰਬਰ 2020 ਦੇ ਮੁਕਾਬਲੇ 22 ਫ਼ੀਸਦੀ ਦਾ ਵਾਧਾ ਹੈ। ਯੂਬੀਸੀ ਦੇ ਪੌਲ ਕੇਰਸ਼ਾਵ ਜਿਹੜੇ ਜਨਰੇਸ਼ਨ ਸਕੁਈਜ਼ ਦੇ ਸੰਸਥਾਪਕ ਵੀ ਹਨ ਨੇ ਕਿਹਾ ਕਿ ਮਹਾਂਮਾਰੀ ਨਾਲ ਆਈ ਮੰਦੀ ਦਰਮਿਆਨ ਵੀ ਅਸੀਂ ਘਰਾਂ ਦੀਆਂ ਕੀਮਤਾਂ 'ਤੇ ਕੰਟਰੋਲ ਖੋਹ ਰਹੇ ਹਾਂ। ਨਵੰਬਰ ਵਿਚ ਬਣੇ ਹੋਰ ਰਿਕਾਰਡ ਵਿਚ ਬੀਸੀ ਵਿਚ ਪ੍ਰਾਪਰਟੀ ਸੂਚੀ ਵਿਚ ਨਾਟਕੀ ਢੰਗ ਨਾਲ 39 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਯੂਬੀਸੀ ਸੌਡਰ ਸਕੂਲ ਆਫ ਬਿਜਨਸ ਦੇ ਟਸਰ ਸੋਮਵਿਲ ਨੇ ਜਾਣਕਾਰੀ ਦਿੱਤੀ ਕਿ ਜਿੰਨੇ ਲੋਕ ਮਕਾਨ ਲੱਭ ਰਹੇ ਹਨ ਉਸ ਗਿਣਤੀ ਵਿਚ ਯੂਨਿਟ ਉਪਲਬਧ ਨਹੀਂ। ਜੇਕਰ ਤੁਸੀਂ ਸੋਚਦੇ ਹੋ ਕਿ ਬਹੁਤ ਲੋਕ ਥੋੜੀ ਗਿਣਤੀ ਵਿਚ ਉਪਲਬਧ ਯੂਨਿਟਾਂ ਵਿਚੋਂ ਮਕਾਨ ਭਾਲ ਰਹੇ ਹਨ ਤਾਂ ਇਹ ਗੱਲ ਘਰਾਂ ਦੀਆਂ ਕੀਮਤਾਂ ਨੂੰ ਵਧਾ ਰਹੀ ਹੈ। ਉਨ੍ਹਾਂ ਦੱਸਿਆ ਕਿ 45 ਸਾਲ ਪਹਿਲਾਂ 25 ਤੋਂ 34 ਸਾਲ ਦੇ ਵਿਅਕਤੀ ਨੂੰ ਔਸਤ ਘਰ ਦੀ 20 ਫ਼ੀਸਦੀ ਡਾਊਨ ਪੇਮੈਂਟ ਦੀ ਬਚਤ ਕਰਨ ਲਈ ਪੰਜ ਸਾਲ ਕੰਮ ਕਰਨਾ ਪੈਂਦਾ ਸੀ ਅਤੇ ਹੁਣ ਬ੍ਰਿਟਿਸ਼ ਕੋਲੰਬੀਆ ਵਿਚ ਇੰਨੀ ਬਚਤ ਲਈ ਔਸਤਨ 20 ਸਾਲ ਲਗਦੇ ਹਨ ਅਤੇ ਮੈਟਰੋ ਵੈਨਕੂਵਰ ਵਿਚ ਤਾਂ 28 ਸਾਲ ਲਗਦੇ ਹਨ।

# ਮਕਾਨਾਂ ਦਾ ਸੰਕਟ ਘਟਾਉਣ ਲਈ ਵਿਦੇਸ਼ੀ ਖਰੀਦਦਾਰਾਂ 'ਤੇ ਪਾਬੰਦੀ ਲਗਾਈ ਜਾਵੇ-ਫੈਡਰਲ ਮੰਤਰੀ

ਓਟਵਾ-ਦੇਸ਼ ਦੇ ਹਾਊਸਿੰਗ ਮੰਤਰੀ ਨੇ ਕਿਹਾ ਕਿ ਮਿਉਂਸਪਲਟੀਆਂ ਨੂੰ ਵਧੇਰੇ ਘਣਤਾ ਲਈ ਵਿਆਪਕ ਤੌਰ 'ਤੇ ਮੁੜ ਤੋਂ ਜ਼ੋਨ ਬਣਾਉਣੇ ਚਾਹੀਦੇ ਹਨ ਅਤੇ ਕੈਨੇਡਾ ਨੂੰ ਦੇਸ਼ ਵਾਸੀਆਂ ਨੂੰ ਦਰਪੇਸ਼ ਮਕਾਨ ਸਮਰਥਾ ਦੀ ਕਮੀ ਨੂੰ ਦੂਰ ਕਰਨ 'ਚ ਮਦਦ ਲਈ ਅਸਥਾਈ ਤੌਰ 'ਤੇ ਵਿਦੇਸ਼ੀ ਖਰੀਦਦਾਰਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਇਕ ਮੁਲਾਕਾਤ ਵਿਚ ਅਹਿਮਦ ਹੁਸੈਨ ਨੇ ਰਾਇਟਰ ਖ਼ਬਰ ਏਜੰਸੀ ਨੂੰ ਦੱਸਿਆ ਕਿ ਮਕਾਨ ਕੈਨੇਡੀਅਨਾਂ ਦੇ ਰਹਿਣ ਲਈ ਹੋਣੇ ਚਾਹੀਦੇ ਹਨ ਨਾ ਕਿ ਪੈਸਿਵ ਵਿਦੇਸ਼ੀ ਨਿਵੇਸ਼ ਲਈ ਅਤੇ ਉਹ ਕੈਨੇਡੀਅਨ ਸ਼ਹਿਰਾਂ ਵਿਚ ਘਣਤਾ ਉਪਾਵਾਂ ਨੂੰ ਲਾਗੂ ਕਰਨ ਦਾ ਸਮਰਥਨ ਕਰਦਾ ਹੈ ਜਿਸ ਤਰ੍ਹਾਂ ਦੇ ਨਿਊਜ਼ੀਲੈਂਡ ਵਿਚ ਹਾਲ ਹੀ ਵਿਚ ਸ਼ੁਰੂ ਕੀਤੇ ਗਏ ਹਨ ਜਿਸ ਵਿਚ ਬਹੁਤੇ ਇਕੱਲੇ ਪਰਿਵਾਰ ਵਾਲੇ ਲਾਟ ਵਿਚ ਤਿੰਨ ਘਰ ਬਣਾਏ ਜਾ ਸਕਦੇ ਹਨ। ਉਹ ਇਸ ਦਾ ਸਮਰਥਨ ਕਰਦਾ ਹੈ। ਇਕੱਲੇ ਪਰਿਵਾਰ ਦੇ ਮਕਾਨ ਵਾਲੀ ਜ਼ਮੀਨ 'ਤੇ ਤਿੰਨ ਹੋਰ ਯੂਨਿਟਾਂ ਦੀ ਉਸਾਰੀ ਕਰਕੇ ਮਕਾਨਾਂ ਦੀ ਅਸਾਨੀ ਨਾਲ ਸਪਲਾਈ ਵਧਾਉਣ ਦਾ ਇਕ ਤਰੀਕਾ ਹੈ। ਕੈਨੇਡਾ ਨੈਸ਼ਨਲ ਹਾਊਸਿੰਗ ਸੰਕਟ ਨਾਲ ਜੂਝ ਰਿਹਾ ਹੈ ਅਤੇ ਕੋਵਿਡ-19 ਮਹਾਂਮਾਰੀ ਨਾਲ ਮਕਾਨਾਂ ਦੀ ਮੰਗ ਵੱਡੇ ਸ਼ਹਿਰਾਂ ਤੋਂ ਛੋਟੇ ਕੇਂਦਰਾ ਤਕ ਫੈਲ



ਗਈ ਹੈ ਜਿਹੜੇ ਸਪਲਾਈ ਜਾਰੀ ਰੱਖਣ ਵਿਚ ਅਸਮਰਥ ਹਨ। ਕੈਨੇਡਾ ਵਿਚ ਆਮ ਘਰ ਦੀ ਕੀਮਤ ਹੁਣ 780000 ਡਾਲਰ ਹੈ ਜੋ ਇਸ ਸਾਲ 25.3 ਫ਼ੀਸਦੀ ਜ਼ਿਆਦਾ ਹੈ ਅਤੇ ਨਵੰਬਰ 2015 ਤੋਂ 81.4 ਫ਼ੀਸਦੀ ਜ਼ਿਆਦਾ ਹੈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੱਤਾ ਸੰਭਾਲੀ ਸੀ।


**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com
CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

### 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

### 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*

***Remote Location? No Problem. We will come to you !***


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


Ph: 604-592-9999
Grand Opening
Of
SIRKA
Gourmet Takeout
"our passion of nurturing authentic yet divine meal is a pledge"
We Have Large Variety of:
• Home-Made Pickles & Chutneys.
• Salads
NOW OPEN For Lunch
Specialities
• Sabudana Popcorn
• Shrimp Koliwada
• Amritsari Fish n Chips
• Muradabadi Moong Dal Seekh
• Masala Papad/Masala Peanut
• Malabari Crispy Aloo
• Lasooni Murg Tikka
• Tandoori Kukkad
• Malai Broccoli
• Keema Mutton Makhni
• Raan di Khurchan
• Traditional Paneer Makhni
• 36 Hour Daal Makhni
• Achaari Brinjal
• Veg/Chicken/Comb/Lamb Biryani
Lunch Special
• Sirka Fried Chicken
• Keema Burger
• Hoshiarpur wale meat chawal
• Chat-Pate chole kulche (Stuffed)
• Ambale wale Paneer Sandwich
Any kind of Pizza
• Cheese Pizza
• Veg. Pizza
• Butter Chicken Pizza
India Wali Coffee
Haldi Dudh
Kada Dudh
Falooda Badam Shake
Mango Lassi
7182 Unit-A 120st Surrey BC V3W 3M8
www.sirkatakeout.com
"ASK FOR OUR SPECIAL SET MENU FOR A GROUP OR ANY PARTY"



# ਲਖਵੀਰ ਗਰੇਵਾਲ ਨੂੰ ਨਵੇਂ ਗ੍ਰਹਿ ਪ੍ਰਵੇਸ਼ ਮੌਕੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਸ਼ੁੱਭ ਕਾਮਨਾਵਾਂ !

ਸਰੀ, (ਹਰਦਮ ਮਾਨ)- ਸਰੀ ਦੇ ਬਹੁਤ ਹੀ ਮਿਲਾਪੜੇ ਨੌਜਵਾਨ ਅਤੇ ਜ਼ੋਰਾਵਰ ਕੰਸਟਰੱਕਸ਼ਨ ਲਿਮਟਿਡ ਦੇ ਮਾਲਕ ਲਖਵੀਰ ਗਰੇਵਾਲ (ਲਵੀ) ਨੇ ਬੀਤੇ ਦਿਨ ਨਿਊਟਨ ਸਰੀ ਵਿਖੇ ਆਪਣੇ ਨਵੇਂ ਮਕਾਨ ਵਿਚ ਪ੍ਰਵੇਸ਼ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਪਹੁੰਚੇ ਰਿਸ਼ਤੇਦਾਰਾਂ, ਯਾਰਾਂ ਮਿੱਤਰਾਂ ਅਤੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਉਸ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਓਟ ਆਸਰਾ ਲਿਆ ਗਿਆ। ਲਵੀ ਗਰੇਵਾਲ ਨੂੰ ਸ਼ੁੱਭ ਕਾਮਨਾਵਾਂ ਦੇਣ ਲਈ ਸਰੀ ਨਿਊਟਨ ਦੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਵਿਸ਼ੇਸ਼ ਤੌਰ ਤੇ ਪੁੱਜੇ। ਉਨ੍ਹਾਂ ਤੋਂ ਇਲਾਵਾ ਰੇਡੀਓ ਇੰਡੀਆ ਦੇ ਹੋਸਟ ਤੇ ਦਿਲਾਵਰੀ ਇਮੀਗਰੇਸ਼ਨ ਸਰਵਿਸ ਦੇ ਡਾਇਰੈਕਟਰ ਜਸਵਿੰਦਰ ਦਿਲਾਵਰੀ, ਇੰਡੋ ਕੈਨੇਡਾ ਟੀਵੀ ਦੇ ਸੰਚਾਲਕ ਇੰਦਰਜੀਤ ਧਾਲੀਵਾਲ, ਸਾਂਝਾ ਟੀਵੀ ਦੇ ਹੋਸਟ ਦਵਿੰਦਰ ਬੈਨੀਪਾਲ, ਪੰਜਾਬੀ ਸ਼ਾਇਰ ਹਰਦਮ ਸਿੰਘ ਮਾਨ, ਬਿਲਡਰ ਜਗਸੀਰ ਸਿੰਘ ਸਿੱਧੂ, ਅਰਸ਼ਬੀਰ ਸਿੰਘ ਮਾਨ ਨੇ ਵੀ ਲਖਵੀਰ ਗਰੇਵਾਲ ਨੂੰ ਨਵੇਂ ਮਕਾਨ ਦੀਆਂ ਵਧਾਈਆਂ ਦਿੱਤੀਆਂ।




## ਮੇਅਰ ਤੇ ਕੌਂਸਲਰਾਂ ਦੇ ਤਨਖ਼ਾਹ ਵਾਧੇ 'ਤੇ ਬਹਿਸ ਬੇਸਿੱਟਾ ਰਹੀ-ਅਗਲੇ ਸਾਲ ਹੋਵੇਗਾ ਤਨਖਾਹਾਂ 'ਚ ਵਾਧਾ

ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਸਿਟੀ ਕੌਂਸਲ ਦੇ ਮੈਂਬਰਾਂ ਦੀ ਤਨਖਾਹ ਦੇ ਵਾਧੇ ਨੂੰ ਲੈ ਕੇ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਤੇਜ਼ ਸ਼ਬਦੀ ਜੰਗ ਹੋਣ ਦੀ ਸੂਚਨਾ ਹੈ। ਕੌਂਸਲਰਾਂ ਦਾ ਇਕ ਗਰੁਪ ਚਾਹੁੰਦਾ ਸੀ ਕਿ ਅਗਲੇ ਸਾਲ ਕੌਂਸਲਰਾਂ ਅਤੇ ਮੇਅਰ ਦੀ ਤਨਖਾਹ ਵਿੱਚ ਵਾਧਾ ਨਾ ਹੋਵੇ ਤੇ ਇਸ ਨੂੰ ਫ਼ਰੀਜ਼ ਕਰ ਦਿੱਤਾ ਜਾਵੇ ਪਰ ਮੇਅਰ ਅਤੇ ਕੁਝ ਕੌਂਸਲਰਾਂ ਨੇ ਉਹਨਾਂ ਦੀ ਇਕ ਨਾ ਚੱਲਣ ਦਿੱਤੀ ਤੇ ਉਸ ਗਰੁਪ ਦੀ ਤਜਵਿਜ਼ ਰੱਦ ਕਰ ਦਿੱਤੀ ਗਈ । ਇਸ ਗਰੁਪ ਦੀ ਤਜਵੀਜ਼ ਸੀ ਕਿ ਇਸ ਨੂੰ ਕੌਂਸਲ ਮੀਟਿੰਗ ਦੇ ਏਜੰਡਾ ਉੱਪਰ ਰੱਖਿਆ ਜਾਵੇ। ਕੌਂਸਲਰ ਡੈਨ ਮੈਕਲੀਨ ਦਾ ਕਹਿਣਾ ਸੀ ਕਿ ਲਗਾਤਾਰ ਚੌਥੇ ਸਾਲ ਤਨਖਾਹ ਵਾਧਾ ਫ਼ਰੀਜ਼ ਰੱਖਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਕੌਂਸਲਰਜ਼ ਸੋਨਿਆ ਸ਼ਾਰਪ, ਆਂਦਰੇ ਸ਼ੇਬੋ, ਸ਼ੌਨ ਚੂ ਅਤੇ ਜੈਨਿਫ਼ਰ ਵਾਇਨੈੱਸ ਨੇ ਸਮਰਥਨ ਦਿੱਤਾ ਸੀ। ਮੇਅਰ ਜੋਤੀ ਗੌਂਡੇਕ ਦਾ ਕਹਿਣਾ ਸੀ ਕਿ ਕੌਂਸਲ ਦੀ ਤਨਖਾਹ ਵਾਧੇ ਦਾ ਵਿਰੋਧ ਕਰਨ ਵਾਲੀਆਂ ਨੂੰ ਚਾਹੀਦਾ ਹੈ ਕਿ ਉਹ ਉਹ ਉਸ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨ ਜਿਸ ਨੇ ਇਸ ਨੂੰ ਰਿਵਿਊ ਕਰਨਾ ਹੁੰਦਾ ਹੈ। ਮੌਜੂਦਾ ਸਮੇਂ ਕੌਂਸਲਰ ਦੀ ਬੇਸ ਤਨਖਾਹ 1 ਲੱਖ 13 ਹਜ਼ਾਰ 326 ਡੌਲਰਜ਼ ਅਤੇ ਮੇਅਰ ਦੀ ਤਨਖਾਹ 2 ਲੱਖ 586 ਡੌਲਰਜ਼ ਸਾਲਾਨਾ ਹੈ।

## ਕਾਂਗਰਸੀ ਵਿਧਾਇਕ ਪਿੰਕੀ ਨੇ ਨਵ ਨਿਯੁਕਤ ਡੀ ਜੀ ਪੀ ਚਟੋਪਾਧਿਆਏ ਉਪਰ ਲਗਾਏ ਗੰਭੀਰ ਦੋਸ਼

ਫ਼ਿਰੋਜ਼ਪੁਰ-ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਤੋਂ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਪੰਜਾਬ ਪੁਲੀਸ ਦੇ ਕਾਰਜਕਾਰੀ ਡੀਜੀਪੀ ਸਿਧਾਰਥ ਚਟੋਪਾਧਿਆਏ 'ਤੇ ਗੰਭੀਰ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਤੁਰੰਤ ਇਸ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਸਥਾਨਕ ਐੱਸਐੱਸਪੀ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਪਿੰਕੀ ਨੇ ਕਿਹਾ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਮੌਜੂਦਾ ਡੀਜੀਪੀ ਤੋਂ ਖ਼ਤਰਾ ਹੈ ਤੇ ਜੇਕਰ ਆਉਣ ਵਾਲੇ ਦਿਨਾਂ ਵਿਚ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਲਈ ਡੀਜੀਪੀ ਚਟੋਪਾਧਿਆਏ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਡੀਜੀਪੀ ਅੱਜ-ਕੱਲ੍ਹ ਫ਼ਿਰੋਜ਼ਪੁਰ ਦੇ ਇੱਕ ਅਜਿਹੇ ਭਗੌੜੇ ਵਿਅਕਤੀ ਨੂੰ ਆਪਣੇ ਨਾਲ ਲੈ ਕੇ ਘੁੰਮ ਰਹੇ ਹਨ ਜਿਸ ਉਪਰ ਜਬਰ-ਜਨਾਹ ਦਾ ਕੇਸ ਦਰਜ ਹੈ ਤੇ ਉਸ ਦੀ ਜ਼ਮਾਨਤ ਸੁਪਰੀਮ ਕੋਰਟ ਤੋਂ ਵੀ ਰੱਦ ਹੋ ਚੁੱਕੀ ਹੈ। ਵਿਧਾਇਕ ਦਾ ਸਿੱਧਾ ਇਸ਼ਾਰਾ ਫ਼ਿਰੋਜ਼ਪੁਰ ਦੇ ਇਕ ਉੱਘੇ ਕਾਰੋਬਾਰੀ ਵੱਲ ਸੀ ਜੋ ਜ਼ਮਾਨਤ ਰੱਦ ਹੋਣ ਤੋਂ ਬਾਅਦ ਫ਼ਰਾਰ ਹੈ। ਸਥਾਨਕ ਪੁਲੀਸ ਵੱਲੋਂ ਉਸ ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਦੱਸ ਦਈਏ ਕਿ ਕਾਰੋਬਾਰੀ ਬਹੁਤ ਰਸੂਖ਼ਦਾਰ ਹੈ ਤੇ ਪੁਲੀਸ ਵਿੱਚ ਉਸ ਦੀ ਤੂਤੀ ਬੋਲਦੀ ਹੈ। ਤਾਲਾਬੰਦੀ ਦੌਰਾਨ ਕਾਰੋਬਾਰੀ ਨੇ ਜ਼ਿਲ੍ਹੇ 'ਚ ਕਈ ਥਾਈਂ ਲੰਗਰ ਲਾ ਕੇ ਲੋਕਾਂ ਦੀ ਮਦਦ ਕੀਤੀ ਸੀ ਤੇ ਉਸ ਨੇ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੱਡੀ ਰਾਜਨੀਤਕ ਪਾਰਟੀ ਵੱਲੋਂ ਟਿਕਟ ਲੈ ਕੇ ਚੋਣਾਂ ਲੜਨ ਦਾ ਇਸ਼ਾਰਾ ਵੀ ਕੀਤਾ ਸੀ। ਉਸ ਤੋਂ ਬਾਅਦ ਕਾਰੋਬਾਰੀ ਤੇ ਵਿਧਾਇਕ ਪਿੰਕੀ ਦਰਮਿਆਨ ਜੰਗ ਛਿੜ ਗਈ ਸੀ।

## ਬੇਰੁਜਗਾਰ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਦੇ ਘਰ ਅੱਗੇ ਆਤਮਦਾਹ ਦੀ ਕੋਸ਼ਿਸ਼

ਜਲੰਧਰ (ਸਾਬੀ)- ਬੇਰੁਜ਼ਗਾਰ ਬੀਐੱਡ ਤੇ ਟੈੱਟ ਪਾਸ ਅਧਿਆਪਕਾਂ ਨੇ ਪਹਿਲਾਂ ਤੋਂ ਐਲਾਨੇ ਪ੍ਰੋਗਰਾਮ ਅਨੁਸਾਰ ਅੱਜ ਸਿੱਖਿਆ ਮੰਤਰੀ ਪਰਗਟ ਸਿੰਘ ਦੇ ਘਰ ਦੇ ਨੇੜੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਅਧਿਆਪਕਾਂ ਨੇ ਆਪਣੇ ਉੱਪਰ ਡੀਜ਼ਲ ਛਿੜਕ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਉਥੇ ਮੌਜੂਦ ਪੁਲੀਸ ਨੇ ਨਾਕਾਮ ਕਰ ਦਿੱਤਾ। ਪੁਲੀਸ ਨੇ ਸਵੇਰ ਤੋਂ ਹੀ ਜਲੰਧਰ ਬੱਸ ਅੱਡੇ 'ਤੇ ਪਾਣੀ ਵਾਲੀ ਟੈਂਕੀ ਨੇੜੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਹੋਏ ਸਨ ਤੇ ਉਥੇ ਪਾਣੀ ਦੀ ਬੁਛਾੜ ਕਰਨ ਵਾਲੀ ਗੱਡੀ ਵੀ ਖੜ੍ਹੀ ਕੀਤੀ ਹੋਈ ਸੀ। ਇਹ ਬੇਰੁਜ਼ਗਾਰ ਅਧਿਆਪਕ ਰੋਸ ਮੁਜ਼ਾਹਰਾ ਕਰਦਿਆਂ ਸਿੱਖਿਆ ਮੰਤਰੀ ਦੀ ਰਿਹਾਇਸ਼ ਨੇੜੇ ਪਹੁੰਚੇ, ਜਿਥੇ ਪੁਲੀਸ ਤੇ ਉਨ੍ਹਾਂ ਵਿਚਕਾਰ ਖਿੱਚਧੂਹ ਵੀ ਹੋਈ। ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਸਮਾਜਿਕ ਸਿੱਖਿਆ, ਪੰਜਾਬੀ ਅਤੇ ਹਿੰਦੀ ਸਮੇਤ ਘੱਟੋ-ਘੱਟ 9000 ਅਸਾਮੀਆਂ ਦੀ ਮੰਗ ਸਬੰਧੀ ਬੇਰੁਜ਼ਗਾਰ ਅਧਿਆਪਕ ਸੜਕਾਂ 'ਤੇ ਰੁਲ ਰਹੇ ਹਨ। ਬੇਰੁਜ਼ਗਾਰਾਂ ਨੇ ਲੰਮਾ ਸਮਾਂ ਕੋਠੀ ਨੇੜੇ ਰੋਸ ਮੁਜ਼ਾਹਰਾ ਕੀਤਾ ਅਤੇ ਸਿੱਖਿਆ ਮੰਤਰੀ ਨਾਲ 23 ਦਸੰਬਰ ਦੀ ਮੀਟਿੰਗ ਤੈਅ ਹੋਣ ਮਗਰੋਂ ਰੋਸ ਪ੍ਰਦਰਸ਼ਨ ਖਤਮ ਕੀਤਾ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# BOXING DAY SPECIAL SALE

# MJM FURNITURE

Lots of Design
Best Quality
Best Price






Upto 70% OFF

**Finance Available O.A.C**


Quality Furniture for Your Home.
Come visit our showroom. Over 34,000 sq ft of quality Fine Furniture

**THREE LOCATIONS TO SERVE YOU**

**604-596-9901**
13570 - 77th Ave., Surrey, BC

**604-522-1388**
#2, 1315 United Boulevard, Coquitlam BC

3057 grandview hwy vancouver,
**604-454-1191**



ਕ੍ਰਿਸਮਸ 'ਤੇ ਵਿਸ਼ੇਸ਼

# ਅਮਨ ਤੇ ਸੁਲ੍ਹਾ ਦੇ ਪੈ.ਗੰਬਰ ਪ੍ਰਭੂ ਯਿਸੂ ਮਸੀਹ

ਪ੍ਰਭੂ ਯਿਸੂ ਮਸੀਹ ਦਾ ਜਨਮ ਫਲਸਤੀਨ ਦੇਸ਼ ਦੇ ਕਸਬੇ ਬੈਤਲਹਮ ਵਿਚ ਹੋਇਆ। ਸੰਸਾਰ ਵਿਚ ਜੋ ਮੌਜੂਦਾ ਈਸਵੀ ਸੰਨ ਪ੍ਰਚਲਤ ਹੈ, ਉਨ੍ਹਾਂ ਦੇ ਜਨਮ ਤੋਂ ਹੀ ਆਰੰਭ ਹੋਇਆ ਹੈ। ਪ੍ਰਭੂ ਯਿਸੂ ਦਾ ਜਨਮ 25 ਦਸੰਬਰ ਨੂੰ ਮੰਨਿਆ ਜਾਂਦਾ ਹੈ ਤੇ ਸੱਤਵੇਂ ਦਿਨ ਪਹਿਲੀ ਜਨਵਰੀ ਤੋਂ ਨਵਾਂ ਸਾਲ ਆਰੰਭ ਹੁੰਦਾ ਹੈ। ਪਵਿੱਤਰ ਬਾਈਬਲ ਦੇ ਬਚਨਾਂ ਮੁਤਾਬਕ ਉਨ੍ਹਾਂ ਦਾ ਜਨਮ ਪਰਮੇਸ਼ਰ ਵੱਲੋਂ ਪਹਿਲਾਂ ਮੁਕਰਰ ਯੋਜਨਾ ਦੁਆਰਾ ਹੋਇਆ। ਪਰਮੇਸ਼ਰ ਦੇ ਨਬੀਆਂ ਅਤੇ ਭਗਤਾਂ ਨੇ ਪਹਿਲਾਂ ਤੋਂ ਹੀ ਭਵਿੱਖ-ਬਾਣੀਆਂ ਕੀਤੀਆਂ ਹੋਈਆਂ ਸਨ ਕਿ ਉਹ ਕਿੱਥੇ ਪੈਦਾ ਹੋਣਗੇ, ਕਿਸ ਤਰ੍ਹਾਂ ਦੀ ਔਰਤ ਦੇ ਕੁੱਖੋਂ ਪੈਦਾ ਹੋਣਗੇ ਅਤੇ ਕਿਸ ਤਰ੍ਹਾਂ ਆਪਣਾ ਬਲੀਦਾਨ ਦੇਣਗੇ।

ਪਵਿੱਤਰ ਬਾਈਬਲ ਵਿਚ ਜ਼ਿਕਰ ਹੈ ਕਿ ਜਦੋਂ ਪ੍ਰਭੂ ਯਿਸੂ ਮਸੀਹ ਇਸ ਸੰਸਾਰ ਵਿਚ ਪ੍ਰਗਟ ਹੋਏ ਤਾਂ ਅਸਮਾਨ ਵਿਚ ਸਵਰਗੀ ਦੂਤ ਪਰਮੇਸ਼ਰ ਦੀ ਉਸਤਤ ਵਿਚ ਭਜਨ ਗਾ ਰਹੇ ਸਨ ਅਤੇ ਪ੍ਰਭੂ ਦੇ ਜਨਮ ਦੀ ਖ਼ੁਸ਼ਖ਼ਬਰੀ ਧਰਤੀ ਦੇ ਲੋਕਾਂ ਤਕ ਪਹੁੰਚਾ ਰਹੇ ਸਨ। ਉਨ੍ਹਾਂ ਦੂਤਾਂ ਵਿੱਚੋਂ ਇਕ ਦੂਤ ਹੜ੍ਹ ਵਿਚ ਭੇਡਾਂ ਦੀ ਰਾਖੀ ਕਰਦੇ ਹੋਏ ਅਯਾਲੀਆਂ ਕੋਲ ਪਹੁੰਚਿਆ। ਤੇਜ਼ ਜਲਾਲੀ ਰੋਸ਼ਨੀ ਨਾਲ ਉਹ ਡਰ ਗਏ। ਤਦ ਦੂਤ ਨੇ ਉਨ੍ਹਾਂ ਨੂੰ ਆਖਿਆ ਕਿ ਡਰੋ ਨਾ, ਕਿਉਂਕਿ ਮੈਂ ਤੁਹਾਨੂੰ ਵੱਡੀ ਖ਼ੁਸ਼ੀ ਦੀ ਖ਼ਬਰ ਸੁਣਾਉਂਦਾ ਹਾਂ, ਜੋ ਸਾਰੀ ਪਰਜਾ ਦੇ ਲਈ ਹੋਵੇਗੀ ਕਿ ਦਾਊਦ ਦੇ ਨਗਰ (ਬੈਤਲਹਮ) ਵਿਚ ਅੱਜ ਤੁਹਾਡੇ ਲਈ ਇਕ ਮੁਕਤੀਦਾਤਾ ਪੈਦਾ ਹੋਇਆ ਹੈ, ਜਿਹੜਾ ਮਸੀਹ ਪ੍ਰਭੂ ਹੈ। ਤਦ ਇਕਦਮ ਸੁਰਗ ਦੀ ਫ਼ੌਜ ਜਾ ਇਕ ਜਥਾ ਉਸ ਦੂਤ ਨਾਲ ਹੋ ਕੇ ਪਰਮੇਸ਼ਰ ਦੀ ਉਸਤਤ ਕਰਦਾ ਹੋਇਆ ਇਹ ਕਹਿੰਦਾ ਹੈ, 'ਪਰਮਧਾਮ ਵਿਚ ਪਰਮੇਸ਼ਰ ਦੀ ਵਡਿਆਈ ਅਤੇ ਧਰਤੀ ਉੱਤੇ ਸ਼ਾਂਤੀ ਉਨ੍ਹਾਂ ਲੋਕਾਂ ਵਿਚ, ਜਿਨ੍ਹਾਂ ਨਾਲ ਉਹ ਪ੍ਰਸੰਨ ਹੈ।' ਉਨ੍ਹਾਂ ਦੇ ਜਨਮ ਬਾਰੇ ਪਵਿੱਤਰ ਬਾਈਬਲ ਵਿਚ ਲਿਖਿਆ ਹੋਇਆ ਹੈ, 'ਸ਼ਬਦ ਦੇਹਧਾਰੀ ਹੋਇਆ ਅਤੇ ਕ੍ਰਿਪਾ ਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ਼ ਪਿਤਾ ਦੇ ਇਕਲੌਤੇ ਦੇ ਤੇਜ਼ ਵਰਗਾ ਡਿੱਠਾ।"

ਪ੍ਰਭੂ ਯਿਸੂ ਮਸੀਹ ਬਚਪਨ ਵਿਚ ਹੀ ਰੱਬੀ ਰੰਗ 'ਚ ਰੰਗੇ ਹੋਏ ਸਨ। ਜਦੋਂ ਉਹ ਅਜੇ ਬਾਰਾਂ ਸਾਲਾਂ ਦੇ ਸਨ ਤਾਂ ਆਪਣੇ ਮਾਤਾ ਨਾਲ ਯਹੂਦੀ ਮੰਦਰ ਵਿਚ ਗਏ ਤਾਂ ਉਨ੍ਹਾਂ ਨੇ ਧਰਮ ਪ੍ਰਤੀ ਕਈ ਗੁੱਝੇ ਭੇਤਾਂ ਨੂੰ ਪ੍ਰਗਟ ਕੀਤਾ ਤਾਂ ਸਭ ਲੋਕ ਹੈਰਾਨ ਰਹਿ ਗਏ। ਯਿਸ਼ੂ ਦਾ ਸ਼ਾਬਦਿਕ ਅਰਥ ਹੈ 'ਬਚਾਉਣ ਵਾਲਾ' ਅਤੇ ਮਸੀਹ ਦਾ ਸ਼ਾਬਦਿਕ ਅਰਥ ਹੈ 'ਮੁਕਰਰ ਜਾਂ ਨਿਯੁਕਤ ਕੀਤਾ ਹੋਇਆ।' ਇਸ ਤੋਂ ਸਪਸ਼ਟ ਹੈ ਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਇਸ ਲਈ ਭੇਜਿਆ ਸੀ ਕਿ ਉਹ ਪਾਪੀਆਂ ਨੂੰ ਸਿੱਧੇ ਰਸਤੇ ਪਾ ਕੇ ਬਚਾਉਣ, ਬਿਮਾਰਾਂ ਨੂੰ ਸਫ਼ਾ ਬਖ਼ਸ਼ਣ ਤੇ ਦੁਖੀਆਂ ਦੇ ਦੁੱਖ ਵੰਡਾਉਣ। ਜਦੋਂ ਉਨ੍ਹਾਂ ਨੇ ਇਸ ਜਗਤ ਨੂੰ ਤਾਰਨ ਵਾਸਤੇ ਸੇਵਾ ਆਰੰਭ ਕੀਤੀ ਤਾਂ ਹਰ ਤਰ੍ਹਾਂ ਦੇ ਦੁੱਖਾਂ ਨਾਲ ਜਕੜੇ ਹੋਏ ਲਾਚਾਰ ਲੋਕ ਉਨ੍ਹਾਂ ਦੇ ਦੁਆਲੇ ਜੁੜੇ ਰਹਿੰਦੇ। ਪ੍ਰਭੂ ਯਿਸੂ ਮਸੀਹ ਆਪਣੇ ਬਚਨਾਂ ਅਤੇ ਪਵਿੱਤਰ ਹੱਥਾਂ ਦੀ ਛੋਹ ਨਾਲ ਉਨ੍ਹਾਂ ਨੂੰ ਚੰਗਾਈ ਦਿੰਦੇ, ਸ਼ਾਂਤੀ ਅਤੇ ਇਤਮੀਨਾਨ ਬਖ਼ਸ਼ਦੇ। ਜਿਸ ਕੌਮ ਵਿਚ ਪ੍ਰਭੂ ਯਿਸੂ ਮਸੀਹ ਪੈਦਾ ਹੋਏ, ਉਹ ਯਹੂਦੀ ਕੌਮ ਸੀ। ਯਹੂਦੀ ਲੋਕ ਆਪਣੇ ਆਪ ਨੂੰ ਬਹੁਤ ਧਰਮੀ ਸਮਝਦੇ ਸਨ ਪਰ ਅਸਲੀਅਤ ਵਿਚ ਉਹ ਪਰਮੇਸ਼ਰ ਤੋਂ ਬਹੁਤ ਦੂਰ ਹੋ ਚੁੱਕੇ ਸਨ। ਉਨ੍ਹਾਂ ਦੇ ਧਾਰਮਿਕ ਕੰਮਾਂ ਵਿਚ ਕਈ ਤਰ੍ਹਾਂ ਦੇ ਪਖੰਡ ਅਤੇ ਵਿਖਾਵੇ ਆ ਚੁੱਕੇ ਸਨ। ਪ੍ਰਭੂ ਯਿਸੂ ਮਸੀਹ ਨੇ ਯਹੂਦੀ ਕੌਮ ਵਿਚ ਘਰ ਕਰ ਚੁੱਕੇ ਇਨ੍ਹਾਂ ਧਾਰਮਿਕ ਪਖੰਡਾਂ ਤੇ ਵਿਖਾਵਿਆਂ ਦੀ ਸਖ਼ਤ ਸ਼ਬਦਾਂ 'ਚ ਨੁਕਤਾਚੀਨੀ ਕੀਤੀ ਅਤੇ ਉਨ੍ਹਾਂ ਨੂੰ ਪਰਮੇਸ਼ਰ ਦੀ ਸੱਚੀ ਉਪਾਸਨਾ ਕਰਨ ਲਈ ਪ੍ਰੇਰਿਆ। ਯਹੂਦੀ ਲੋਕ ਹਮੇਸ਼ਾ ਪ੍ਰਭੂ ਯਿਸੂ ਮਸੀਹ ਦੇ ਵਿਰੁੱਧ ਰਹਿੰਦੇ ਸਨ ਅਤੇ ਉਨ੍ਹਾਂ 'ਤੇ ਦੋਸ਼ ਲਗਾਏ ਕਿ ਉਹ ਪਾਪੀ ਤੇ ਬਦਨਾਮ ਲੋਕਾਂ ਦੇ ਘਰ ਆਉਂਦੇ-ਜਾਂਦੇ ਹਨ ਤੇ ਉਨ੍ਹਾਂ ਨਾਲ ਖਾਂਦੇ-ਪੀਂਦੇ ਹਨ। ਪ੍ਰਭੂ ਯਿਸੂ ਮਸੀਹ ਉੱਤਰ ਦਿੰਦੇ ਸਨ ਕਿ ਨਵੇਂ ਨਰੋਇਆਂ ਨੂੰ ਹਕੀਮ ਦੀ ਲੋੜ ਨਹੀਂ ਬਲਕਿ ਬਿਮਾਰਾਂ ਨੂੰ ਹਕੀਮ ਦੀ ਲੋੜ ਹੈ। ਉਹ ਕਹਿੰਦੇ ਸਨ ਕਿ ਉਹ ਇਸ ਸੰਸਾਰ ਵਿਚ ਗੁਆਚੇ ਹੋਇਆਂ ਨੂੰ ਭਾਲਣ ਅਤੇ ਬਚਾਉਣ ਵਾਸਤੇ ਆਏ ਹਨ। ਉਨ੍ਹਾਂ ਦੀ ਸਿੱਖਿਆ ਅਨੁਸਾਰ ਪਾਪੀ ਨੂੰ ਨਫ਼ਰਤ ਨਾਲ ਨਹੀਂ ਬਲਕਿ ਪਿਆਰ ਨਾਲ ਬਚਾਉਣਾ ਹੈ। ਪ੍ਰਭੂ ਯਿਸੂ ਮਸੀਹ ਨੇ ਇਸ ਸੰਸਾਰ ਨੂੰ ਜੋ ਪ੍ਰਵਚਨ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਪਾਕ 'ਇੰਜੀਲ' ਜਾਂ 'ਮੰਗਲ ਸਮਾਚਾਰ' ਕਿਹਾ ਜਾਂਦਾ ਹੈ। ਉਨ੍ਹਾਂ ਨੇ ਇਸ ਸੰਸਾਰ ਦੇ ਭਲੇ ਵਾਸਤੇ ਆਪਣੇ ਫਲਸਫ਼ੇ ਅਨੁਸਾਰ ਜੋ ਪ੍ਰਵਚਨ ਪੇਸ਼ ਕੀਤੇ ਹਨ, ਉਨ੍ਹਾਂ ਵਿਚ ਅਮਨ, ਪਿਆਰ, ਸੁਲ੍ਹਾ ਅਤੇ ਮੇਲ-ਮਿਲਾਪ ਨਾਲ ਜੀਵਨ ਬਿਤਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਦੀ ਸਿੱਖਿਆ ਅਨੁਸਾਰ ਭਾਵੇਂ ਸਾਡਾ ਕੋਈ ਦੋਸਤ ਹੈ ਤਾਂ ਦੁਸ਼ਮਣ, ਆਪਣਾ ਹੈ ਜਾਂ ਬੇਗਾਨਾ, ਉਨ੍ਹਾਂ ਸਾਰਿਆਂ ਨੂੰ ਆਪਣਾ ਸਮਝਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਭਲਾ ਕਰਨਾ ਚਾਹੀਦਾ ਹੈ। ਆਪਣੇ ਪ੍ਰਵਚਨਾਂ 'ਚ ਉਹ ਇਸ ਤਰ੍ਹਾਂ ਉਪਦੇਸ਼ ਦਿੰਦੇ ਹਨ, "ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਕਿ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ। ਜੋ ਤੁਹਾਡੇ ਨਾਲ ਵੈਰ ਰੱਖਦੇ ਹਨ, ਉਨ੍ਹਾਂ ਦਾ ਭਲਾ ਕਰੋ। ਜੋ ਤੁਹਾਨੂੰ ਸਰਾਪ ਦੇਣ, ਉਨ੍ਹਾਂ ਨੂੰ ਅਸੀਸ ਦਿ?। ਜੋ ਤੁਹਾਡੀ ਬੇਇਜ਼ਤੀ ਕਰਨ, ਉਨ੍ਹਾਂ ਲਈ ਪ੍ਰਾਰਥਨਾ ਕਰੋ।

ਜੇ ਕੋਈ ਤੇਰੀ ਇਕ ਗੱਲ੍ਹ 'ਤੇ ਚਪੇੜ ਮਾਰੇ ਤੂੰ ਦੂਈ ਵੀ ਉਸ ਵੱਲ ਕਰ ਦੇ ਅਤੇ ਜੋ ਤੇਰੀ ਚਾਦਰ ਖੋਹ ਲਵੇ ਉਸ ਨੂੰ ਕੁੜਤਾ ਵੀ ਲੈਣੋਂ ਮਨ੍ਹਾਂ ਨਾ ਕਰ। ਜੋ ਕੋਈ ਤੈਥੋਂ ਮੰਗੇ, ਉਸ ਨੂੰ ਦੇ ਅਤੇ ਜੋ ਤੇਰੀਆਂ ਵਸਤਾਂ ਖੋਹ ਲਵੇ ਉਸ ਤੋਂ ਮੁੜ ਨਾ ਮੰਗ। ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਕਿ ਮਨੁੱਖ ਤੁਹਾਡੇ ਨਾਲ ਕਰਨ, ਤੁਸੀਂ ਵੀ ਉਸ ਨਾਲ ਪਹਿਲਾ ਅਜਿਹਾ ਹੀ ਕਰੋ। ਜੇ ਤੁਸੀਂ ਉਨ੍ਹਾਂ ਨਾਲ ਪਿਆਰ ਕਰੋ, ਜਿਹੜੇ ਤੁਹਾਡੇ ਨਾਲ ਕਰਦੇ ਹਨ, ਤਾਂ ਤੁਹਾਡਾ ਕੀ ਅਹਿਸਾਨ ਹੈ, ਕਿਉਂਕਿ ਪਾਪੀ ਲੋਕ ਵੀ ਆਪਣੇ ਪਿਆਰ ਕਰਨ ਵਾਲਿਆਂ ਨਾਲ ਕਰਦੇ ਹਨ।

ਜੇ ਤੁਸੀਂ ਉਨ੍ਹਾਂ ਦਾ ਹੀ ਭਲਾ ਕਰੋ, ਜਿਹੜੇ ਤੁਹਾਡਾ ਭਲਾ ਕਰਦੇ ਹਨ, ਤਾਂ ਤੁਹਾਡਾ ਕੀ ਅਹਿਸਾਨ ਹੈ, ਕਿਉਂਕਿ ਪਾਪੀ ਲੋਕ ਵੀ ਇਹੋ ਕਰਦੇ ਹਨ? ਜੇ ਤੁਸੀਂ ਉਨ੍ਹਾਂ ਨੂੰ ਵੀ ਉਧਾਰ ਦਿ?, ਜਿਨ੍ਹਾਂ ਕੋਲੋਂ ਲੈਣ ਦੀ ਆਸ ਹੋਵੇ ਤਾਂ ਤੁਹਾਡਾ ਕੀ ਅਹਿਸਾਨ ਹੈ? ਪਾਪੀ ਲੋਕ ਵੀ ਪਾਪੀਆਂ ਨੂੰ ਉਧਾਰ ਦਿੰਦੇ ਹਨ ਕਿ ਮੁੜ ਕੇ ਉਨ੍ਹਾਂ ਤੋਂ ਲੈ ਹੀ ਲੈਣਾ ਹੈ ਪਰ ਤੁਸੀਂ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਉਨ੍ਹਾਂ ਦਾ ਭਰਾ ਕਰੋ।" ਪ੍ਰਭੂ ਯਿਸੂ ਮਸੀਹ ਇਹ ਵੀ ਕਹਿੰਦੇ ਹਨ ਕਿ ਜੇ ਕੋਈ ਸਾਡੇ ਨਾਲ ਨਰਾਜ਼ ਹੈ ਤਾਂ ਸਾਨੂੰ ਉਸ ਨੂੰ ਮਨਾਉਣਾ ਚਾਹੀਦਾ ਹੈ ਅਤੇ ਸੁਲ੍ਹਾ ਕਰ ਲੈਣੀ ਚਾਹੀਦੀ ਹੈ। ਪ੍ਰਭੂ ਯਿਸੂ ਮਸੀਹ ਨੇ ਖ਼ੁਦ ਵੀ ਆਪਣੇ ਦੁਸ਼ਮਣਾਂ ਨੂੰ ਮਾਫ਼ ਕੀਤਾ। ਉਨ੍ਹਾਂ ਦੇ ਦੁਸ਼ਮਣਾਂ ਨੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਅਤੇ ਉਨ੍ਹਾਂ ਦੇ ਹੱਥਾਂ-ਪੈਰਾਂ ਵਿਚ ਕਿੱਲ ਠੋਕ ਕੇ ਸਲੀਬ 'ਤੇ ਟੰਗ ਦਿੱਤਾ। ਉਨ੍ਹਾਂ ਨੇ ਸਲੀਬ 'ਤੇ ਅਸਹਿ ਦੁੱਖ ਝੱਲਦੇ ਹੋਇਆਂ ਵੀ ਆਪਣੇ ਦੁਸ਼ਮਣਾਂ ਲਈ ਇਸ ਤਰ੍ਹਾਂ ਪ੍ਰਾਰਥਨਾ ਕੀਤੀ, "ਹੇ ਪਿਤਾ (ਪਰਮੇਸ਼ਰ) ਉਨ੍ਹਾਂ ਨੂੰ ਮਾਫ਼ ਕਰ, ਕਿਉਂਕਿ ਉਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਹਨ।" ਅੱਜ ਜਦੋਂ ਹਰ ਪਾਸੇ ਸੰਸਾਰ ਵਿਚ ਕੱਟੜਵਾਦ, ਅੱਤਵਾਦ ਅਤੇ ਵੈਰ-ਭਾਵਨਾ ਵਿਖਾਈ ਦੇ ਰਹੀ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਪ੍ਰਭੂ ਯਿਸੂ ਮਸੀਹ ਦੇ ਦਰਸਾਏ ਹੋਏ ਮਾਰਗ ਨੂੰ ਅਪਣਾ ਕੇ ਖ਼ੁਸ਼ਗਵਾਰ ਮਾਹੌਲ ਦੀ ਸਿਰਜਣਾ ਕਰੀਏ।

—ਸ਼ਫ਼ੀ ਮਸੀਹ ਭੱਟੀ

ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
2 Locations to Serve You
Fax : 604.589.1556
www.rohitapannulaw.com
# 102-9278, 120th St., Surrey, BC V3V 4W8
6303 Fraser St.,Vancouver BC



# ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਤੇ ਪਾਰਟੀ ਦੇ ਹੋਰ ਆਗੂ ਅੱਜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਟਕਸਾਲੀ ਆਗੂਆਂ ਦੀ ਘਰ ਵਾਪਸੀ ਲਈ ਅੱਜ ਉਚੇਚੇ ਤੌਰ ਤੇ ਜਥੇਦਾਰ ਬ੍ਰਹਮਪੁਰਾ ਦੇ ਚੰਡੀਗੜ੍ਹ ਸਥਿਤ ਗ੍ਰਹਿ ਵਿਖੇ ਪਹੁੰਚੇ। ਜਥੇਦਾਰ ਬ੍ਰਹਮਪੁਰਾ ਨੇ ਸਾਲ 2018 ਵਿੱਚ ਅਕਾਲੀ ਦਲ ਨਾਲੋਂ ਅਲਹਿਦਾ ਹੋ ਕੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾਇਆ ਸੀ ਪਰ ਸਾਲ ਕੁ ਬਾਅਦ ਆਪਣੇ ਦਲ ਦਾ ਰਲੇਵਾਂ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿੱਚ ਕਰ ਦਿੱਤਾ ਸੀ ਤੇ ਉਹ ਇਸ ਦਲ ਦੇ ਸਰਪ੍ਰਸਤ ਸਨ। ਜਥੇਦਾਰ ਬ੍ਰਹਮਪੁਰਾ ਪਿਛਲੇ ਕਈ ਦਿਨਾਂ ਤੋਂ ਸ੍ਰੀ ਢੀਂਡਸਾ ਨਾਲ ਨਾਰਾਜ਼ ਚੱਲੇ ਆ ਰਹੇ ਸਨ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਭਲੇ ਲਈ ਪੰਥਕ ਏਕਤਾ ਦਾ ਸੱਦਾ ਦਿੱਤਾ ਸੀ। ਜਥੇਦਾਰ ਬ੍ਰਹਮਪੁਰਾ ਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਜਥੇਦਾਰ ਅਕਾਲ ਤਖਤ ਦੀ ਅਪੀਲ ਅੱਜ ਦੇ ਦੌਰ ਚ ਮਹੱਤਵ ਰੱਖਦੀ ਹੈ ਜਿਸ ਕਰਕੇ ਅਕਾਲੀ ਦਲ ਚ ਸ਼ਾਮਲ ਹੋ ਰਹੇ ਹਨ। ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਬ੍ਰਹਮਪੁਰਾ ਤੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਜਥੇਦਾਰ ਬ੍ਰਹਮਪੁਰਾ ਦਾ ਅਸ਼ੀਰਵਾਦ ਪਾਰਟੀ ਨੂੰ ਮਜ਼ਬੂਤੀ ਬਖਸ਼ੇਗਾ। ਸ਼੍ਰੀ ਬਾਦਲ ਨੂੰ ਪਾਰਟੀ ਦਾ ਉਪ ਸਰਪ੍ਰਸਤ ਨਿਯੁਕਤ ਕਰਨ ਦਾ ਐਲਾਨ ਵੀ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ ਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

# ਰਾਜਧਾਨੀ ਦਿੱਲੀ ਵਿਚ ਕ੍ਰਿਸਮਸ ਦੌਰਾਨ ਇਕੱਠ ਕਰਨ ਤੇ ਰੋਕ

ਨਵੀਂ ਦਿੱਲੀ (ਦਿਓਲ)-ਕਰੋਨਾ ਦੇ ਲਗਾਤਾਰ ਵਧਦੇ ਕੇਸਾਂ ਅਤੇ ਓਮੀਕਰੋਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਦੇ ਵਧਦੇ ਖ਼ਤਰੇ ਦੇ ਮੱਦੇਨਜ਼ਰ ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਦਿੱਲੀ ਵਿੱਚ ਕ੍ਰਿਸਮਸ ਤੇ ਨਵੇਂ ਸਾਲ ਦੇ ਜਸ਼ਨਾਂ ਮੌਕੇ ਕੋਈ ਇਕੱਠ ਨਾ ਹੋਵੇ, ਹਾਲਾਂਕਿ ਰੈਸਟੋਰੈਂਟਾਂ ਤੇ ਬਾਰ ਨਿਯਮਾਂ ਮੁਤਾਬਕ ਚੱਲਦੇ ਰਹਿਣਗੇ। ਇਸ ਦੌਰਾਨ ਦਿੱਲੀ ਵਿੱਚ ਓਮੀਕਰੋਨ ਦੇ ਕੇਸਾਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਇਸ ਨਵੇਂ ਰੂਪ ਦੇ ਟਾਕਰੇ ਲਈ ਤਿਆਰੀਆਂ ਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਲਕੇ ਵੀਰਵਾਰ ਨੂੰ ਸਮੀਖਿਆ ਮੀਟਿੰਗ ਕੀਤੀ ਜਾਵੇਗੀ।

# ਸੰਤ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ ਦਾ ਦੇਹਾਂਤ

ਰੂਪਨਗਰ (ਜਗਮੋਹਨ ਸਿੰਘ)-ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਦੀ ਸੁੰਦਰ ਇਮਾਰਤ ਤਿਆਰ ਕਰਨ ਵਾਲੇ ਸੰਤ ਅਜੀਤ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਬੀਤੀ ਰਾਤ 11 ਵਜੇ ਮੈਕਸ ਹਸਪਤਾਲ ਮੁਹਾਲੀ ਵਿਖੇ ਅੰਤਿਮ ਸਾਹ ਲਏ। ਸੰਤਾਂ ਦੇ ਨਿੱਜੀ ਸੇਵਾਦਾਰ ਬਹਾਦਰ ਸਿੰਘ ਅਤੇ ਨਿੱਜੀ ਸਹਾਇਕ ਮਨਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਉਨ੍ਹਾਂ ਦੀ ਦੇਹ ਦਾ ਸੰਸਕਾਰ 23 ਦਸੰਬਰ ਨੂੰ 12 ਵਜੇ ਉਨ੍ਹਾਂ ਦੇ ਜੱਦੀ ਪਿੰਡ ਨਿਹੋਲਕਾ (ਨੇੜੇ ਕੁਰਾਲੀ) ਵਿਖੇ ਕੀਤਾ ਜਾਵੇਗਾ। ਸੰਤਾਂ ਦੀ ਦੇਹ ਨੂੰ ਅੱਜ ਲੋਕਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ 1998 ਵਿੱਚ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਸੀ ਅਤੇ ਸੰਤ ਅਜੀਤ ਸਿੰਘ ਨੇ ਸ੍ਰੀ ਆਨੰਦਪੁਰ ਸਾਹਿਬ ਜਾ ਕੇ ਗੁਰਦੁਆਰਾ ਸ੍ਰੀ ਦਸਮੇਸ਼ ਬੁੰਗਾ ਸਾਹਿਬ ਦਾ ਨਿਰਮਾਣ ਕਰਵਾਇਆ ਸੀ। ਉਨ੍ਹਾਂ ਵੱਲੋਂ ਗਵਾਲੀਅਰ 'ਚ ਵੀ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਜਾ ਰਿਹਾ ਸੀ। ਸ੍ਰੀ ਬਰਾੜ ਮੁਤਾਬਕ ਸੰਤ ਅਜੀਤ ਸਿੰਘ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਬਿਮਾਰ ਚਲੇ ਆ ਰਹੇ ਸਨ। ਕੁੱਝ ਦਿਨ ਪਹਿਲਾਂ ਸਿਹਤ ਵਿੱਚ ਸੁਧਾਰ ਹੋਣ ਉਪਰੰਤ ਉਹ ਹਸਪਤਾਲ ਤੋਂ ਆ ਗਏ ਸਨ। ਦੋ ਦਿਨ ਪਹਿਲਾਂ ਤਬੀਅਤ ਵਿਗੜਨ ਮਗਰੋਂ ਉਨ੍ਹਾਂ ਨੂੰ ਮੁੜ ਮੈਕਸ ਹਸਪਤਾਲ ਲਿਜਾਇਆ ਗਿਆ ਸੀ। ਸੰਤ ਅਜੀਤ ਸਿੰਘ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵਿੱਚ ਵਿਧਾਨ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਧਾਇਕ ਵੀ ਰਹਿ ਚੁੱਕੇ ਹਨ।




FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY $20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY $778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge. Try offer.
ASKING ONLY $799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million



NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor



ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ


**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke.
With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਗੁਰੂ ਜੀ ਨੇ ਤਨਖਾਹਾਂ ਵੰਡਣੀਆਂ

775 ਲਾਹ ਖ਼ੁਰਜੀਆਂ ਸਿੰਘਾਂ ਨੇ ਖੱਚਰਾਂ ਤੋਂ, ਲਿਆ ਧਰੀਆਂ ਸਤਿਗੁਰੂ ਕੋਲ ਭਾਈ।
ਆਓ ਜਿਨ੍ਹਾਂ ਤਨਖਾਹਾਂ ਲੈਣੀਆਂ ਨੇ, ਬੈਠੇ ਗੁਰੂ ਜੀ ਖ਼ੁਰਜੀਆਂ ਖੋਲ੍ਹ ਭਾਈ।
ਤਨਖਾਹਾਂ ਲਓ ਤੇ ਆਪਣੇ ਘਰ ਜਾਉ, ਕਿਹਾ ਗੁਰਾਂ ਨੇ ਸਭ ਨੂੰ ਬੋਲ ਭਾਈ।
ਦੇਸ ਸੇਵਾ ਲਈ ਜਿਨ੍ਹਾਂ ਨੇ ਜਿੰਦ ਲਾਉਣੀ, ਰਹੋ ਇੱਥੇ ਹੋ ਕੇ ਅਡੋਲ ਭਾਈ॥

776 ਜਿਨ੍ਹੀ ਜਿਨ੍ਹੀ ਜਿਸ ਤਨਖਾਹ ਮੰਗੀ, ਸੱਚੇ ਪਾਤਿਸ਼ਾਹ ਪੱਲੇ ਪਾ ਦਿੱਤੀ।
ਕੋਈ ਸਿੱਖ ਨਾ ਉਨ੍ਹਾਂ ਨਾਰਾਜ਼ ਕੀਤਾ, ਆਸ ਬੰਦਾਂ ਦੀ ਆਸ ਪੁਗਾ ਦਿੱਤੀ।
ਤਨਖਾਹੀਆ ਅੱਜ ਤੋਂ ਅਸਾਂ ਨੇ ਰੱਖਣਾ ਨਹੀਂ, ਗਲ ਸਭ ਨੂੰ ਸਾਫ਼ ਸੁਣਾ ਦਿੱਤੀ।
ਸਿਰੋਂ ਕਰਜ਼ਾ ਸਭ ਦਾ ਸਾਫ ਕੀਤਾ, ਹਰਚੰਦ ਸਿੰਘਾ ਚਿੰਤਾ ਲਾਹ ਦਿੱਤੀ॥

### ਗੁਰੂ ਜੀ ਨੇ ਭਾਈ ਦਾਨੇ (ਦੀਵਾਨ ਸਿੰਘ) ਨੂੰ ਆਖਣਾ

777 ਭਾਈ ਦਾਨਾ ਜੀ ਸੈਨਾਪਤੀ ਹੈ ਸੀ, ਬੈਠਾ ਰਿਹਾ ਸਮਾਧੀ ਲਾ ਭਾਈ।
ਕਹਿੰਦੇ ਗੁਰੂ ਜੀ ਦਾਨਿਆ ਦੱਸ ਗਿਣਕੇ, ਬਣਦਾ ਰੋਕੜਾ ਪੱਲੇ ਪਾ ਭਾਈ।
ਤੇਰੇ ਨਾਲ ਦੇ ਲੈ ਕੇ ਤੁਰ ਚੱਲੇ, ਤੂੰ ਵੀ ਫੜ ਲਾ ਆਪਣਾ ਰਾਹ ਭਾਈ।
ਪੈਸਾ ਲਈ ਪ੍ਰਦੇਸੀਂ ਲੋਕ ਜਾਂਦੇ, ਇਸ ਮਾਇਆ ਦਾ ਸਭ ਨੂੰ ਚਾ ਭਾਈ।

### ਭਾਈ ਦਾਨਾ ਜੀ

778 ਭਾਈ ਦਾਨਾ ਜੀ ਜੋੜਕੇ ਹੱਥ ਕਹਿੰਦਾ, ਇਸ ਮਾਇਆ ਦੀ ਮੈਨੂੰ ਨਹੀਂ ਲੋੜ ਦਾਤਾ।
ਪਾਸ ਆਪਦੇ ਦਿਉ ਨਿਵਾਸ ਮੈਨੂੰ, ਆਪਣੇ ਨਾਲੋਂ ਨਾ ਮੈਨੂੰ ਤੋੜ ਦਾਤਾ।
ਜੋ ਕਾਜ ਤੁਸਾਂ ਨੇ ਵਿੱਢਿਆ ਏ, ਲਉ ਮੈਨੂੰ ਵੀ ਉਸ ਵਿੱਚ ਜੋੜ ਦਾਤਾ।
ਹਰਚੰਦ ਸਿੰਘਾ ਦੇਸ਼ ਦਾ ਕਰਜ਼ ਸਿਰ ਤੇ, ਦਿਆਂ ਮੈਂ ਵੀ ਕੁੱਝ ਤੇ ਮੋੜ ਦਾਤਾ॥

779 ਤੁਸਾਂ ਦੇਸ਼ ਲਈ ਸੁੱਖ ਆਰਾਮ ਛੱਡੇ, ਹਰ ਕਸ਼ਟ ਨੂੰ ਹੱਸ ਸਹਾਰਿਆ ਏ।
ਸਭ ਕੁੱਝ ਦੇਸ ਤੋਂ ਵਾਰ ਕੇ ਵੀ, ਪਰ ਹੌਸਲਾ ਮੂਲ ਨਾ ਹਾਰਿਆ ਏ।
ਫੌਜਾਂ ਜੋੜ ਕੇ ਯੁੱਧ ਜੋ ਕਰਨ ਆਏ, ਬੇ-ਖੌਫ ਹੋ ਤੁਸਾਂ ਲਲਕਾਰਿਆ ਏ।
ਹਰਚੰਦ ਸਿੰਘਾ ਖਿਦਰਾਣੇ ਦੀ ਢਾਬ ਉਤੇ, ਕਟਕ ਮੁਗਲ ਦਾ ਆਪ ਤੋਂ ਹਾਰਿਆ ਏ॥

780 ਬੱਚਾ ਖੇਲ੍ਹ ਕੇ ਘਰ ਜੇ ਨਾ ਆਏ, ਫਿਰੇ ਟੋਲ੍ਹਦਾ ਉਨ੍ਹੂੰ ਪਰਿਵਾਰ ਦਾਤਾ।
ਪਸੂ ਕਿਸੇ ਦਾ ਚੋਰ ਜੇ ਲੈ ਜਾਏ, ਮੱਚ ਜਾਂਵਦੀ ਹਾਹਾਕਾਰ ਦਾਤਾ।
ਘਾਟਾ ਕਿਸੇ ਨੂੰ ਵਿੱਚ ਵਪਾਰ ਪੈ ਜੇ, ਹੋਵੇ ਫਿਰ ਥੀਂ ਬੰਦਾ ਬਿਮਾਰ ਦਾਤਾ।
ਥੋਡੇ ਮੁੱਖ ਦਾ ਨਹੀਂ ਜਲਾਲ ਘਟਿਆ ਹੱਥੀਂ ਵਾਰ ਕੇ ਪੁੱਤਰ ਚਾਰ ਦਾਤਾ॥

781 ਚਾਲੀ ਸਿੰਘ ਚਮਕੌਰ ਦੇ ਵਿਚ ਸਾਰੇ, ਉਥੇ ਜੁੜਿਆ ਹਿੰਦੁਸਤਾਨ ਹੈ ਸੀ।
ਭੁੱਖੇ-ਥੱਕਿਆਂ ਨਹੀਂ ਹਥਿਆਰ ਸੁੱਟੇ, ਕੀਤਾ ਡੱਟ ਕੇ ਘੋਰ ਘਮਸਾਨ ਹੈ ਸੀ।
ਐਸੀ ਕਿਤੋਂ ਵੀ ਮਿਲੇ ਮਸਾਲ ਨਾਂ ਹੀ, ਯੁੱਧ ਲੜੇ ਬਹੁਤ ਜਹਾਨ ਹੈ ਸੀ।
ਅੱਖੀਂ ਵੇਖੇ ਪੁੱਤ ਸ਼ਹੀਦ ਹੁੰਦੇ, ਹੱਥੋਂ ਛੱਡੀ ਨਾ ਪਰ ਕਮਾਨ ਹੈ ਸੀ॥

782 ਪਹੁਲ ਦੇ ਕੇ ਸਿੰਘ ਸਜਾਊ ਮੈਨੂੰ, ਦਾਨੇ ਆਪਣਾ ਆਪ ਹੈ ਦਾਨ ਕੀਤਾ।
ਸਾਡੇ ਮੁੰਡਿਆਂ ਮਾਇਆ ਦੀ ਮੰਗ ਕਰਕੇ, ਸਾਡੇ ਦੇਸ਼ ਦਾ ਨਾਮ ਬਦਨਾਮ ਕੀਤਾ।
ਉਹ ਮੂਰਖ ਮੂਲ ਨਾ ਜਾਣਦੇ ਸੀ, ਆਜ਼ਾਦੀ ਲਈ ਜੋ ਤੁਸਾਂ ਬਲੀਦਾਨ ਕੀਤਾ।
ਮਿਹਰਾਂ ਵਾਲਿਆਂ ਬਖ਼ਸ਼ੋ ਝੱਲਿਆਂ ਨੂੰ, ਹਰਚੰਦ ਸਿੰਘਾ ਘੋਰ ਅਪਮਾਨ ਕੀਤਾ॥

### ਗੁਰੂ ਜੀ

783 ਸੇਵਾ ਦਾਨੇ ਦੀ ਗੁਰਾਂ ਮਨਜ਼ੂਰ ਕੀਤੀ, ਪਹੁਲ ਦੇ ਕੇ ਸਿੰਘ ਸਜਾਇਆ ਏ।
ਕਹਿੰਦੇ ਦਾਨਿਆ ਤੂੰ ਵੀ ਧੰਨ ਹੋਇਆ, ਨਾਲੇ ਮਾਲਵਾ ਧੰਨ ਬਣਾਇਆ ਏ।
ਤੈਨੂੰ ਜ਼ਿੰਦਗੀ ਵਿੱਚ ਨਹੀਂ ਤੋਟ ਰਹਿਣੀ, ਥੁਹੜਾ ਦੇ ਕੇ ਬਹੁਤਾ ਪਾਇਆ ਏ।
ਹਰਚੰਦ ਸਿੰਘਾ ਉਹੀ ਰੱਜਿਆ ਏ, ਜਿਨ੍ਹੇ ਭੁੱਖ ਨੂੰ ਮਾਰ ਮੁਕਾਇਆ ਏ॥

### ਪਹੁੰਚੇ ਹੋਏ ਫ਼ਕੀਰ ਸੱਯਦ ਇਬਰਾਹੀਮ ਦਾ ਸਿੰਘ ਸਜਣਾ

784 ਭਾਈ ਦਾਨੇ ਦੇ ਪਿੰਡ ਕੋਲ ਜਾਕੇ ਲੱਖੀ ਜੰਗਲ ਵਿਚ ਡੇਰਾ ਲਾਇਆ ਏ।
ਸਤਿਗੁਰਾਂ ਨੂੰ ਹਰਿਆਲੀ ਨਾਲ ਭਰਿਆ, ਇਹ ਬਣ ਬੜਾ ਹੀ ਭਾਇਆ ਏ।
ਦਾਨ ਸਿੰਘ ਜੀ ਆਪਣੇ ਪਿੰਡ ਜਾ ਕੇ, ਅੰਨ-ਪਾਣੀ ਤੇ ਪਲੰਘ ਲਿਆਇਆ ਏ।
ਹਰਚੰਦ ਸਿੰਘਾ ਰੁੱਖਾਂ ਤੇ ਬੂਟਿਆਂ ਨੇ, ਰੱਬੀ ਨੂਰ ਦਾ ਦਰਸ਼ਨ ਪਾਇਆ ਏ॥

### ਸੰਗਤਾਂ ਨੇ ਦਰਸ਼ਨਾਂ ਨੂੰ ਆਉਣਾ

785 ਖ਼ਬਰ ਹੋਈ ਗੁਰਾਂ ਦੇ ਆਵਣੇ ਦੀ, ਆਈਆਂ ਸੰਗਤਾਂ ਜੰਗਲ ਚੀਰ ਸਿੰਘੋ।
ਬੰਦਾ ਖ਼ੁਦਾ ਦਾ ਬੰਦਗੀ ਕਰਨ ਵਾਲਾ, ਇੱਕ ਆਇਆ ਚੱਲ ਫ਼ਕੀਰ ਸਿੰਘੋ।
ਸੱਯਦ ਇਬਰਾਹੀਮ ਸੀ ਨਾਮ ਕਹਿੰਦੇ, ਲੋਕੀ ਮੰਨਦੇ ਉਸ ਨੂੰ ਪੀਰ ਸਿੰਘੋ।
ਸਤਿਗੁਰਾਂ ਦੇ ਆਣ ਕੇ ਦਰਸ ਕੀਤੇ, ਅੱਖੀਂ ਪਿਆਰ ਦਾ ਭਰ ਕੇ ਨੀਰ ਸਿੰਘੋ॥

786 ਦੀਦ ਕਰਕੇ ਹੋਏ ਨਿਹਾਲ ਗਿਆ, ਚਰਨ ਛੂਹ ਕੇ ਸਾਹਮਣੇ ਬਹਿ ਗਿਆ ਏ।
ਭੁੱਖ ਦਿਲ ਦੀ ਲਹੀ ਦਿਦਾਰ ਕਰਕੇ, ਰੂਹਾਨੀ ਨੂਰ ਅੱਖਾਂ ਵਿੱਚ ਪੈ ਗਿਆ ਏ।
ਮਨ ਵਿੱਚੋਂ ਭਟਕਣਾ ਮੁੱਕ ਗਈ, ਸਭ ਭਰਮ ਭੁਲੇਖਾ ਲਹਿ ਗਿਆ ਏ।
ਡੇਰਾ, ਚੇਲੇ-ਚਾਟੜੇ ਸਭ ਭੁੱਲੇ, ਗੁਰੂ ਦਰਸ ਜੋਗਾ ਹੀ ਰਹਿ ਗਿਆ ਏ॥

### ਰਾਤ ਦੀਆਂ ਰੌਣਕਾਂ

787 ਰਾਤ ਪਈ ਤੇ ਚੰਨ ਦਾ ਫੁੱਲ ਖਿੜਿਆ, ਅਰਸ਼ਾਂ ਵਿੱਚੋਂ ਚਾਨਣੀ ਝਰਨ ਲੱਗੀ।
ਇੱਕ ਚੰਨ ਧਰਤ ਤੇ ਚੜ੍ਹਿਆ ਏ, ਦੀਦ ਉਸਦਾ ਆਣਕੇ ਕਰਨ ਲੱਗੀ।
ਪਾਠ ਕਰਕੇ ਰੱਬੀ ਬਾਣੀਆਂ ਦਾ, ਮਹਿਫਲ ਕਵੀਆਂ ਦੀ ਫਿਰ ਭਰਨ ਲੱਗੀ।
ਹਰਚੰਦ ਸਿੰਘਾ ਲਿਖਾਰੀਆਂ ਰੰਗ ਬੰਨ੍ਹੇ ਖੁਮਾਰੀ ਸੁਣਕੇ ਸਭ ਨੂੰ ਚੜ੍ਹਨ ਲੱਗੀ॥

### ਸਤਿਗੁਰਾਂ ਨੇ ਕਵੀ ਦਰਬਾਰ ਨੂੰ ਇੰਝ ਸ਼ੁਰੂ ਕੀਤਾ

788 ਸਤਿਗੁਰੂ ਜੀ ਕਵੀ-ਮਨ ਵਿਚੋਂ ਮਾਝ ਵਿਚ ਇਹ ਧੁੰਨ ਉਚਾਰਦੇ ਨੇ।
ਉਚੀ ਸੁਰ ਤੇ ਮਿੱਠੀ ਆਵਾਜ਼ ਆਈ, ਨੈਨ ਮੁੰਦੇ ਵਿੱਚ ਪਿਆਰ ਦੇ ਨੇ।
ਚੜ੍ਹਦੀ ਕਲਾ ਤੇ ਮੁੱਖ ਤੋਂ ਝੜਨ ਖੁਸ਼ੀਆਂ, ਗ਼ਮ ਭੁੱਲੇ ਸਭ ਸੰਸਾਰ ਦੇ ਨੇ।
ਹਰਚੰਦ ਸਿੰਘਾ ਸੰਗਤਾਂ ਮੁਗਧ ਹੋਈਆਂ, ਸਿਰ ਹਿਲਦੇ ਵਿੱਚ ਖੁਮਾਰ ਦੇ ਨੇ॥

### ਗੁਰੂ ਜੀ

789 ਸੁਣ ਕੇ ਸੱਦ ਮਾਹੀ ਦਾ ਮੇਂਹੀ, ਪਾਣੀ ਘਾਹ ਮੁੱਤੋ ਨੇ।
ਕਿਸੇ ਨਾਲ ਨਾ ਰਲੀਆ ਕਾਈ, ਕੋਈ ਜੁ ਸ਼ਉਂਕ ਪਿਯੋ ਨੇ।
ਗਿਆ ਫਿਰਾਕ ਮਿਲਿਆ ਮਿਤ ਮਾਹੀ, ਤਾਹੀ ਸ਼ੁਕਰ ਕਿਤੋ ਨੇ॥

### ਇਸ ਪਿੱਛੋਂ ਛਾਪ ਵਾਲੇ ਭਾਈ ਅੱਡਾ ਜੀ ਬੋਲੇ

790 ਗੁਰੂ ਗੋਬਿੰਦ ਜਿਨ੍ਹਾਂ ਦੇ ਸਿਰ ਤੇ, ਤਿਨ੍ਹਾਂ ਨੂੰ ਕਮੀ ਨਾ ਕਾਈ।
ਖਾਵਨ ਪੀਵਨ ਤੇ ਭੋਗਨ ਭੁੰਚਨ, ਭਾਗ ਉਨ੍ਹਾਂ ਦੇ ਆਈ।
ਕਰਨ ਅਰਦਾਸ ਸਤਿਗੁਰ ਦੇ ਅੱਗੇ, ਸਤਿਗੁਰ ਹੋ ਸਹਾਈ।
ਅੱਡਾ ਮੈਂ ਕੁਰਬਾਨ ਤਿਨਾਂ ਤੋਂ, ਜਿਨ੍ਹਾਂ ਮਨ ਪ੍ਰਤੀਤ ਸਵਾਈ।
ਮਨ ਪਰਤੀਤ ਜਿਨ੍ਹਾਂ ਦੇ ਵੁੱਠੀ, ਕਾਜ ਉਨ੍ਹਾਂ ਦੇ ਹੋਏ।
ਗੁਰੂ ਗੋਬਿੰਦ ਸਿੰਘ ਦਾ ਦਰਸ਼ਨ ਕੀਤਾ, ਮੁਕਤ ਪ੍ਰਾਪਤ ਹੋਏ।

### ਸਾਹ ਲੈ ਕੇ ਅੱਡਾ ਜੀ ਨੇ ਫਿਰ ਸੱਦ ਦਿੱਤੀ

791 ਨਾਮ ਤੁਮਾਰਾ ਜਪ ਜਪ ਜੀਵਾਂ, ਸੁਰਤ ਕਰਾਂ ਜਪੁ ਮਾਲੀ।
ਆਠ ਪਹਿਰ ਹੀਏ ਵਿਚ ਰਖਦਾ ਸੂਰਤ ਸਤਿਗੁਰ ਵਾਲੀ।
ਮਨ ਨੀਵਾਂ ਮਤ ਉੱਚੀ ਹੋਈ, ਉਨਮਨ ਦੀ ਚੜ੍ਹ ਲਾਲੀ।
ਗੁਰਮੁਖ ਹਰਿ ਹਰਿ ਜਪ ਆਘਾਨੇ, ਸਿਰ ਤੇ ਸਤਿਗੁਰ ਵਾਲੀ॥
ਅੱਡਾ ਜੀ ਤੋਂ ਪਿੱਛੋ ਕਵੀ 'ਬਿਹਾਰੀ' ਜੀ ਛਾਪ ਵਾਲੇ

(ਬਾਕੀ ਅਗਲ ਅੰਕ ਵਿਚ)

49 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
Always stylish. Always beautiful.
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

♦♦♦♦♦♦♦♦♦♦♦♦♦♦

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

♦♦♦♦♦♦♦♦♦♦♦♦♦♦

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ-604-781-4266 , ਈਮੇਲ - jagmandeepsingh22@gmail.com

♦♦♦♦♦♦♦♦♦♦♦♦♦♦

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

♦♦♦♦♦♦♦♦♦♦♦♦♦♦

## MATRIMONIALS

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

♦♦♦♦♦♦♦♦♦♦♦♦♦♦

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ-778-968-3685

dec25

♦♦♦♦♦♦♦♦♦♦♦♦♦♦

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਉਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

♦♦♦♦♦♦♦♦♦♦♦♦♦♦

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01

♦♦♦♦♦♦♦♦♦♦♦♦♦♦




## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

♦♦♦♦♦♦♦♦♦♦♦♦♦♦

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705


♦♦♦♦♦♦♦♦♦♦♦♦♦♦

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000**

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

♦♦♦♦♦♦♦♦♦♦♦♦♦♦



# ਕੈਟਰੀਨਾ ਕੈਫ ਚੌਂਕੇ ਚੜ੍ਹੀ, ਵਿੱਕੀ ਤਾਰੀਫ ਕਰਦਾ ਨਹੀਂ ਥੱਕਦਾ

ਮੁੰਬਈ-ਵਿੱਕੀ ਕੌਸ਼ਲ ਨਾਲ ਪਿਛਲੇ ਹਫਤੇ ਵਿਆਹ ਦੇ ਬੰਧਨ 'ਚ ਬੱਝਣ ਵਾਲੀ ਕੈਟਰੀਨਾ ਕੈਫ 'ਚੌਂਕੇ ਚੜ੍ਹੀ' ਤੇ ਉਸ ਨੇ 'ਹਲਵਾ' ਤਿਆਰ ਕੀਤਾ। ਪਤੀ ਨੇ ਪਤਨੀ ਵੱਲੋਂ ਬਣਾਏ ਹਲਵੇ ਦੀ ਪ੍ਰਸ਼ੰਸਾ ਕੀਤੀ। ਕੈਟ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਹਲਵੇ ਦੀ ਕੌਲੀ ਨਾਲ ਤਸਵੀਰ ਸਾਂਝੀ ਕਰਦੇ ਹੋਏ ਲਿਖਿਆ, 'ਮੈਂ ਬਣਾਇਐ' ਤੇ ਕੁਝ ਘੰਟਿਆਂ ਬਾਅਦ ਵਿੱਕੀ ਨੇ ਆਪਣੀ ਲਾੜੀ ਦੀ ਸ਼ਲਾਘਾ ਕਰਦੇ ਹੋਏ ਤਸਵੀਰ ਪੋਸਟ ਕੀਤੀ ਜਿਸ 'ਤੇ ਲਿਖਿਆ,' ਹੁਣ ਤੱਕ ਦਾ ਸਭ ਤੋਂ ਸੁਆਦਲਾ ਹਲਵਾ।



# 'ਅਜੈ ਦੇਵਗਨ ਦੇ ਚਿਹਰੇ ਤੋਂ ਝਲਕਦੀ ਹੈ ਇਮਾਨਦਾਰੀ'

ਚੇਨੱਈ-ਸਿਨੇਮਾ ਘਰਾਂ ਵਿੱਚ 7 ਜਨਵਰੀ ਨੂੰ ਰਿਲੀਜ਼ ਹੋ ਰਹੀ ਫਿਲਮ 'ਆਰਆਰਆਰ' ਦੇ ਨਿਰਦੇਸ਼ਕ ਐੱਸਐੱਸ ਰਾਜਾਮੌਲੀ ਨੇ ਕਿਹਾ ਕਿ ਅਦਾਕਾਰ ਅਜੈ ਦੇਵਗਨ ਦੇ ਚਿਹਰੇ ਤੋਂ ਇਮਾਨਦਾਰੀ ਝਲਕਦੀ ਹੈ। ਅੱਜ ਇੱਥੇ ਆਈਏਐੱਨਐੱਸ ਨਾਲ ਫਿਲਮ 'ਆਰਆਰਆਰ' ਬਾਰੇ ਗੱਲ ਕਰਦਿਆਂ ਰਾਜਾਮੌਲੀ ਨੇ ਇਹ ਖੁਲਾਸਾ ਕੀਤਾ। ਫਿਲਮ ਵਿੱਚ ਅਜੈ ਦੇਵਗਨ ਦੇ ਨਾਲ ਆਲੀਆ ਭੱਟ, ਰਾਮ ਚਰਨ, ਜੂਨੀਅਰ ਐੱਨਟੀਆਰ ਅਤੇ ਹੋਰ ਕਲਾਕਾਰ ਕੰਮ ਕਰ ਰਹੇ ਹਨ। ਰਾਜਾਮੌਲੀ ਨੇ ਅਜੈ ਦੇਵਗਨ ਦੇ ਕਿਰਦਾਰ ਬਾਰੇ ਗੱਲ ਕਰਦਿਆਂ ਦੱਸਿਆ, "ਮੈਂ ਆਪਣੀ ਸਮਰੱਥਾ ਤੋਂ ਵੱਧ ਇਸ 'ਤੇ ਰੌਸ਼ਨੀ ਨਹੀਂ ਪਾ ਸਕਦਾ ਪਰ ਅਜੈ ਬਾਰੇ ਮੈਂ ਇੱਕ ਗੱਲ ਕਹਿਣੀ ਚਾਹਾਂਗਾ, ਜਦੋਂ ਅਸੀਂ ਇਹ ਕਿਰਦਾਰ ਪੂਰਾ ਲਿਖ ਲਿਆ ਅਤੇ ਦੇਖ ਰਹੇ ਸੀ ਕਿ ਇਸ ਨੂੰ ਕੌਣ ਨਿਭਾਵੇਗਾ ਤਾਂ ਉੱਥੇ ਲੇਖਕ ਤੇ ਨਿਰਦੇਸ਼ਕ ਟੀਮ ਵੱਲੋਂ 12-13 ਵਿਅਕਤੀ ਮੌਜੂਦ ਸੀ। ਇਸ ਲਈ ਮੈਂ ਆਪਣੀ ਟੀਮ ਨੂੰ ਪੁੱਛਿਆ 'ਮੈਨੂੰ ਇੱਕ ਵਿਅਕਤੀ ਦਾ ਨਾਂ ਦੱਸੋ ਜੋ ਇਹ ਕਿਰਦਾਰ ਨਿਭਾਉਣ ਦੇ ਯੋਗ ਹੋਵੇ' ਤੇ ਸਾਰੀ ਟੀਮ ਦਾ ਜੁਆਬ ਸੀ 'ਅਜੈ ਦੇਵਗਨ'।।ਤੇ ਸਾਡੇ ਲਈ ਇਹੀ ਸਹੀ ਸੀ ਕਿਉਂਕਿ ਉਸ ਦੇ ਚਿਹਰੇ ਤੋਂ ਇਮਾਨਦਾਰੀ ਝਲਕਦੀ ਹੈ ਅਤੇ ਸਾਨੂੰ ਇਸੇ ਦੀ ਲੋੜ ਸੀ। ਫਿਲਮ 'ਆਰਆਰਆਰ' ਦੀ ਰੂਹ ਉਸ ਦੇ ਨਾਲ ਸ਼ੁਰੂ ਹੁੰਦੀ ਹੈ। ਉਹ ਜੋ ਵੀ ਬੋਲਦਾ ਹੈ, ਪੂਰੀ ਫਿਲਮ ਦੌਰਾਨ ਉਹ ਲਾਈਨਾਂ ਦਰਸ਼ਕਾਂ ਦੇ ਨਾਲ ਰਹਿੰਦੀਆਂ ਹਨ।

# ਅਸ਼ਲੀਲ ਫ਼ਿਲਮਾਂ ਬਣਾਉਣ ਤੇ ਵੰਡਣ 'ਚ ਸ਼ਮੂਲੀਅਤ ਨਹੀਂ-ਰਾਜ ਕੁੰਦਰਾ



ਮੁੰਬਈ-ਬੌਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਦੇ ਪਤੀ ਅਤੇ ਕਾਰੋਬਾਰੀ ਰਾਜ ਕੁੰਦਰਾ ਨੇ ਅੱਜ ਦਾਅਵਾ ਕੀਤਾ ਕਿ ਉਸ ਦੀ ਜ਼ਿੰਦਗੀ ਵਿੱਚ ਕਦੇ ਵੀ ਅਸ਼ਲੀਲ ਸਮੱਗਰੀ ਬਣਾਉਣ ਅਤੇ ਵੰਡਣ ਵਿੱਚ ਸ਼ਮੂਲੀਅਤ ਨਹੀਂ ਰਹੀ। ਪੋਰਨੋਗ੍ਰਾਫ਼ੀ ਮਾਮਲੇ ਵਿੱਚ ਕੁੰਦਰਾ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਬਾਅਦ ਵਿੱਚ ਜ਼ਮਾਨਤ ਮਿਲ ਗਈ ਸੀ। ਕੁੰਦਰਾ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਸ ਮਾਮਲੇ ਵਿੱਚ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੁੰਦਰਾ ਨੇ ਕਿਹਾ ਕਿ ਮੀਡੀਆ ਨੇ ਉਸ ਨੂੰ ਪਹਿਲਾਂ ਹੀ 'ਦੋਸ਼ੀ' ਕਰਾਰ ਦੇ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਇਸ 'ਮੀਡੀਆ ਟਰਾਇਲ' ਰਾਹੀਂ ਉਸ ਦੀ ਨਿੱਜੀ ਜ਼ਿੰਦਗੀ ਵਿੱਚ ਹੋਰ ਦਖ਼ਲ ਨਾ ਦਿੱਤਾ ਜਾਵੇ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਜ਼ਰਾ ਸੰਭਲ ਕੇ ਪੰਜਾਬ ਸਿੰਘਾਂ

### ਇੰਦਰਜੀਤ ਚੁਗਾਵਾਂ

ਬੇਅਦਬੀ ਦੀਆਂ ਘਟਨਾਵਾਂ ਮੁੜ ਵਾਪਰਨ ਲੱਗੀਆਂ ਹਨ। ਦਰਬਾਰ ਸਾਹਿਬ 'ਚ ਵਾਪਰੀ ਤਾਜ਼ਾ ਘਟਨਾ ਨੂੰ ਹਲਕੇ 'ਚ ਨਹੀਂਲਿਆ ਜਾਣਾ ਚਾਹੀਦਾ। ਬਾਅਦ 'ਚ ਕਪੂਰਥਲਾ ਦੇ ਨਿਜ਼ਾਮਪੁਰਾ 'ਚ ਅਜਿਹੀ ਘਟਨਾ ਵਾਪਰ ਗਈ ਹੈ। ਕੋਈ ਹੈਰਾਨੀ ਨਹੀਂਹੋਵੇਗੀ ਜੇ ਹੋਰ ਵੀ ਅਜਿਹੀਆਂ ਘਟਨਾਵਾਂ ਵਾਪਰ ਜਾਣ। ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਤੇ ਇਸ ਤਾਜ਼ਾ ਘਟਨਾ ਨੂੰ ਜੋੜਕੇ ਦੇਖੋ ਤਾਂ ਜ਼ਰਾ ! ਉੱਥੇ ਵੀ ਕਥਿੱਤ ਦੋਸ਼ੀ ਮਾਰ ਮੁਕਾਇਆਗਿਆ ਸੀ ਤੇ ਦਰਬਾਰ ਸਾਹਿਬ ਵਾਲੀ ਘਟਨਾ ਦਾ ਪ੍ਰਤੱਖ ਦੋਸ਼ੀ ਵੀ ਮਾਰ-ਮੁਕਾ ਦਿੱਤਾ ਗਿਆ ਹੈ। ਸਿੰਘੂ ਬਾਰਡਰ ਵਾਲੀ ਘਟਨਾ ਦੀ ਜੜ੍ਹ ਪੰਜਾਬੀ ਟ੍ਰਿਬਿਊਨ ਦੀ ਰਿਪੋਰਟ ਨੇ ਛੇਤੀ ਹੀ ਨੰਗੀ ਕਰ ਦਿੱਤੀ ਸੀ। ਤਾਜ਼ਾ ਘਟਨਾ 'ਚ ਮਾਰਿਆ ਗਿਆ ਦੋਸ਼ੀ ਸ਼ਾਇਦ ਕੋਈ ਪਰਵਾਸੀ ਮਜ਼ਦੂਰ ਹੈ। ਸਿੰਘੂ ਬਾਰਡਰ 'ਤੇ ਮਾਰਿਆ ਜਾਣ ਵਾਲਾ ਇੱਕਅਸਲੋਂ ਸਧਾਰਨ ਤੇ ਨਸ਼ੇੜੀ ਬੰਦਾ ਸੀ। ਇਹ ਗੱਲ ਸਾਹਮਣੇ ਆ ਗਈ ਕਿ ਉਸ ਨੂੰ ਤਾਂ ਵਰਤਿਆ ਗਿਆ ਸੀ। ਮਨੋਰਥ ਕਿਸਾਨਮੋਰਚੇ ਨੂੰ ਢਾਅ ਲਾਉਣਾ ਸੀ। ਪਰਵਾਸੀ ਮਜ਼ਦੂਰ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਦਾ ਦਿਲੋਂ ਸਤਿਕਾਰ ਕਰਦੇ ਹਨ। ਉਹ ਜਦ ਵੀ ਕਿਸੇਗੁਰਦੁਆਰਾ ਸਾਹਿਬ ਅੱਗੋਂ ਗੁਜ਼ਰਦੇ ਹਨ, ਨਤਮਸਤਕ ਹੋਣਾ ਨਹੀਂ ਭੁੱਲਦੇ। ਜਿਸ ਤਰਾਂ ਇਸ ਸ਼ਖਸ ਨੇ ਕੀਤਾ ਹੈ ਜਾਂ ਉਸਤੋਂਕਰਵਾਇਆ ਗਿਆ ਹੈ, ਉਹ ਕੋਈ ਆਮ ਘਟਨਾ ਨਹੀਂ ਕਹੀ ਜਾ ਸਕਦੀ। ਉਹ ਥਾਂ, ਜੋ ਹਰ ਪਲ ਸ਼ਰਧਾਲੂਆਂ ਨਾਲ ਨੱਕੋ-ਨੱਕਭਰੀ ਰਹਿੰਦੀ ਹੈ, ਜਿੱਥੇ ਅਜਿਹੀ ਹਰਕਤ ਕਰਕੇ ਬਚ ਨਿਕਲਣ ਦਾ ਕੋਈ ਰਾਹ ਹੀ ਨਹੀਂ ਹੈ, ਉੱਥੇ ਅਜਿਹੀ ਹਰਕਤ ਨੂੰ ਇੱਕਸ਼ਰਾਰਤੀ ਵੱਲੋਂ ਕੀਤੀ ਗਈ ਕਾਰਵਾਈ ਵਜੋਂ ਲੈਣਾ ਤੇ ਉਸਨੂੰ ਮਾਰ-ਮੁੱਕਾ ਕੇ ਇਹ ਸਮਝ ਲੈਣਾ ਕਿ ਦੋਸ਼ੀ ਨੂੰ ਸਜ਼ਾ ਦੇ ਦਿੱਤੀ ਗਈਹੈ, ਵੱਡੀ ਭੁੱਲ ਹੋਵੇਗੀ।

ਜ਼ਰਾ ਪਿੱਛੇ ਚੱਲਦੇ ਹਾਂ।।!

ਬਰਗਾੜੀ ਤੇ ਬਹਿਬਲ ਕਲਾਂ ਵਾਲੇ ਬੇਅਦਬੀ ਦੇ ਦਿਨ ਯਾਦ ਕਰੋ ! ਕਿਸਾਨ ਅੰਦੋਲਨ ਆਪਣੀ ਸਿਖਰ 'ਤੇ ਸੀ। ਕਿਸਾਨਾਂ ਦੀਆਂਵਹੀਰਾਂ ਬਾਦਲ ਪਿੰਡ ਨੂੰ ਘੇਰਾ ਪਾਉਣ ਲਈ ਅੱਗੇ ਵੱਧ ਰਹੀਆਂ ਸਨ। ਇਸ ਜੋਸ਼ ਭਰੇ ਮਾਹੌਲ ਦੌਰਾਨ ਬੇਅਦਬੀ ਦੀਆਂਘਟਨਾਵਾਂ ਵਾਪਰਦੀਆਂ ਹਨ। ਪੂਰਾ ਪੰਜਾਬ ਭੜਕ ਉੱਠਦਾ ਹੈ। ਅਜਿਹਾ ਵਾਪਰਨ ਸਮੇਂ ਇਹ ਭੜਕਾਹਟ ਕੁਦਰਤੀ ਹੈ। ਜਦ ਕਿਸੇਦੇ ਬਾਪ ਦੀ ਪੱਗ ਨੂੰ ਹੱਥ ਪਾ ?ਗੇ ਤਾਂ ਇਹ ਨਾ ਸੋਚੋ ਕਿ ਅੱਗਿ ?ਂ ਫੁੱਲਾਂ ਦੀ ਬਾਰਸ਼ ਹੋਵੇਗੀ। ਨਤੀਜਾ ਇਹ ਕਿ ਕਿਸਾਨ ਅੰਦੋਲਨਮੁਲਤਵੀ ਕਰਨਾ ਪੈ ਗਿਆ।

ਜਿਸ ਢੰਗ ਨਾਲ ਦਰਬਾਰ ਸਾਹਿਬ 'ਚ ਇਹ ਹਰਕਤ ਕੀਤੀ ਗਈ ਹੈ, ਉਹ ਕੋਈ ਸਧਾਰਨ ਬੰਦਾ ਕਰ ਹੀ ਨਹੀਂ ਸਕਦਾ। ਅੱਜਤੱਕ ਅਜਿਹੀ ਹਿਮਾਕਤ ਕਰਨ ਦੀ ਕਿਸੇ 'ਚ ਹਿੰਮਤ ਨਹੀਂ ਪਈ। ਹਿੰਮਤ ਤਾਂ ਕੀ ਪੈਣੀ ਹੈ, ਕਿਸੇ ਦੇ ਚਿੱਤ-ਖਿਆਲ 'ਚ ਹੀ ਨਹੀਂਆ ਸਕਦੀ ਅਜਿਹੀ ਨੀਚ ਹਰਕਤ। ।ਤੇ ਇਹ ਹਰਕਤ ਕੀਤੀ ਉਸ ਵਕਤ ਗਈ ਹੈ ਜਦ ਪੂਰਾ ਦੇਸ਼ ਕਿਸਾਨ ਅੰਦੋਲਨ ਦੀ ਜਿੱਤਦਾ ਜਸ਼ਨ ਮਨਾ ਰਿਹਾ ਹੈ। ਇਸ ਅੰਦੋਲਨ ਨੇ ਲੋਕਾਂ ਨੂੰ ਸੋਝੀ ਦਿੱਤੀ ਹੈ ਕਿ ਹੁਕਮਰਾਨਾ ਨੂੰ ਸਵਾਲ ਵੀ ਕੀਤੇ ਜਾ ਸਕਦੇ ਹਨ ਤੇ ਉਹਹੁਣ ਪਿੰਡਾਂ 'ਚ ਆਉਣ ਵਾਲੇ ਆਗੂਆਂ ਨੂੰ ਕਰਨ ਵੀ ਲੱਗੇ ਹਨ। ਇਸ ਅੰਦੋਲਨ ਨੇ ਲੋਕਾਂ ਨੂੰ ਇਹ ਸੇਧ ਦਿੱਤੀ ਹੈ ਕਿ ਕਿਸ ਤਰਾਂਸ਼ਾਂਤ ਰਹਿਕੇ ਮੰਜ਼ਲ ਤੱਕ ਪੁੱਜਿਆ ਜਾ ਸਕਦਾ ਹੈ। ਕਿਸਾਨ ਅੰਦੋਲਨ ਨੇ ਜਿੱਥੇ ਸਮੁੱਚੇ ਦੇਸ਼ ਅੰਦਰ ਭਾਈਚਾਰਕ ਤੰਦਾਂ ਮਜ਼ਬੂਤਕੀਤੀਆਂ ਹਨ, ਥੇ ਇਸ ਨੇ ਸਿੱਖ ਭਾਈਚਾਰੇ ਦਾ ਮਾਣ-ਸਤਿਕਾਰ ਪੂਰੀ ਦੁਨੀਆ 'ਚ ਬੁਲੰਦ ਕੀਤਾ ਹੈ। ਸਿੱਖੀ ਅਕਸ ਦੇ ਨਾਲਨਾਲ ਪੰਜਾਬ ਦਾ ਕੱਦ ਵੀ ਉੱਚਾ ਹੋਇਆ ਹੈ। ਇਹ ਗੱਲ ਪੂਰੀ ਦੁਨੀਆ 'ਚ ਕੀਤੀ ਜਾਣ ਲੱਗੀ ਹੈ ਕਿ ਪੰਜਾਬ ਤੋਂ ਪੂਰੇ ਜਨ-ਸਮਰਥਨ ਨਾਲ ਸ਼ੁਰੂ ਹੋਇਆ ਅੰਦੋਲਨ ਆਪਣਾ ਨਿਸ਼ਾਨਾ ਹਾਸਲ ਕਰਨ 'ਚ ਸਫਲ ਰਹਿੰਦਾ ਹੈ। ਇਹ ਤਾਜ਼ਾ ਘਟਨਾ ਪੰਜਾਬਵੱਲੋਂ ਸਿਰਜੇ ਗਏ ਮਜ਼ਬੂਤ ਭਾਈਚਾਰਕ ਸਾਂਝ ਦੇ ਮਾਹੌਲ ਨੂੰ ਜ਼ਹਿਰੀਲਾ ਕਰਨ ਦੀ ਡੂੰਘੀ ਸਾਜ਼ਿਸ਼ ਜਾਪ ਰਹੀ ਹੈ। ਇੰਝ ਜਾਪ ਰਿਹੈ ਜਿਵੇਂ ਇਹ ਹਰਕਤ ਕੀਤੀ ਨਹੀਂ ਕਰਵਾਈ ਗਈ ਹੈ! ਬਾਅਦ 'ਚ ਮਿਲੀਆਂ ਰਿਪੋਰਟਾਂ ਨੇ ਵੀ ਜ਼ਾਹਰ ਕਰ ਦਿੱਤਾਹੈ ਕਿ ਮਾਰਿਆ ਜਾਣ ਵਾਲ ਪੂਰੇ ਯੋਜਨਾਬੱਧ ਢੰਗ ਨਾਲ ਆਇਆ ਸੀ। ਪਰਦੇ ਪਿਛਲਾ ਖਿਡਾਰੀ ਕੋਈ ਆਮ ਨਹੀਂ, ਬਹੁਤਸ਼ਾਤਰ ਹੈ। ਉਸ ਨੂੰ ਇਹ ਪਤਾ ਹੈ ਕਿ ਅਜਿਹੀ ਮੁਕੱਦਸ ਥਾਂ 'ਤੇ ਨੀਚ ਹਰਕਤ ਕਰਨ ਵਾਲਾ ਬਚਕੇ ਨਹੀਂ ਨਿਕਲ ਸਕਦਾ, ਇਸਲਈ ਉਸ ਵੱਲ ਜਾਂਚ ਦੀ ਸੂਈ ਕਦੇ ਨਹੀਂ ਆ ਸਕਦੀ। ਜੇ ਦੋਸ਼ੀ ਜਿਊਂਦਾ ਫੜਕੇ ਕਾਬੂ ਕਰ ਲਿਆ ਗਿਆ ਹੁੰਦਾ ਤਾਂ ਜਾਂਚ ਦੌਰਾਨਸੱਚ ਸਾਹਮਣੇ ਲਿਆਂਦਾ ਜਾ ਸਕਦਾ ਸੀ ਪਰ ਆਸਥਾ ਨੂੰ ਠੇਸ ਕਾਰਨ ਪੈਦਾ ਹੋਏ ਮਾਹੌਲ 'ਚ ਦਲੀਲ ਤਰਕ ਅਕਸਰ ਮਾਰੇ ਜਾਂਦੇਹਨ!

ਦੋਸ਼ੀ ਨੂੰ ਸੋਧਾ ਲਾਉਣ ਪਿੱਛੇ ਦਲੀਲ ਹੈ ਕਿ ਪੁਲਸ 'ਤੇ ਇਤਬਾਰ ਨਹੀਂ ਰਿਹਾ੩ ਪਰ ਇਹ ਬੇਇਤਬਾਰੀ ਪੈਦਾ ਕਰਨ ਵਾਲੇ ਕੌਣਹਨ ? ਬਰਗਾੜੀ ਤੇ ਬਹਿਬਲ ਕਲਾਂ ਵਾਲੇ ਕਾਂਡ ਵੇਲੇ ਜੇ ਸਮੇਂ ਸਿਰ ਬਣਦੀ ਕਾਰਵਾਈ ਕੀਤੀ ਹੁੰਦੀ ਤਾਂ ਕੀ ਇਹ ਬੇਇਤਬਾਰੀਖਤਮ ਨਹੀਂ ਸੀ ਕੀਤੀ ਜਾ ਸਕਦੀ੩ ! ਅਜਿਹੇ ਮਾਮਲਿਆਂ 'ਚ ਵਿਸ਼ੇਸ਼ ਜਾਂਚ ਟੀਮਾਂ (ਐੱਸ ਆਈ ਟੀ।) ਬਣਾਕੇ ਲੋਕਾਂ ਨੂੰ ਸ਼ਾਂਤਕਰ ਦਿੱਤਾ ਜਾਂਦਾ ਹੈ ਤੇ ਅਜਿਹੀਆਂ ਜਾਂਚ ਟੀਮਾਂ ਦੀਆਂ ਰਿਪੋਰਟਾਂ ਅੱਜ ਤੱਕ ਕਿਸੇ ਤਣ-ਪੱਤਣ ਨਹੀਂ ਲੱਗੀਆਂ। ਤਣ-ਪੱਤਣਲੱਗਣ ਵੀ ਕਿਵੇਂ, ਸਾਰੀ ਖੇਡ ਦਾ ਮਦਾਰੀ ਤਾਂ 'ਘਰ ਦਾ ਬੰਦਾ' ਹੀ ਹੁੰਦਾ ਹੈ।

ਜ਼ਰਾ ਸੰਭਲ ਕੇ ਪੰਜਾਬੀਓ! ਦਸੰਬਰ ਮਹੀਨੇ ਦਾ ਦੂਸਰਾ ਅੱਧ ਸਾਡੇ ਲਈ ਵੈਰਾਗਮਈ ਹੁੰਦਾ ਹੈ। ਇਹ ਦਿਨ ਸਾਡੇ ਰਹਿਬਰ, ਮਰਦ ਅਗੰਮੜੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਦੀ ਸ਼ਹਾਦਤ ਦੇ ਮਾਤਮ ਦਾ ਸਮਾਂ ਹੈ। ਕਿਸਾਨ ਅੰਦੋਲਨਦੌਰਾਨ ਜਾਨਾਂ ਦੇਣ ਵਾਲੇ ਸੱਤ ਸੌ ਤੋਂ ਵੱਧ ਲੋਕ ਵੀ ਉਸ ਦਸਮ ਪਿਤਾ ਦੀ ਔਲਾਦ ਹੀ ਸਨ ਜਿੰਨਾ ਪੰਜਾਬ ਦੀ ਨਹੀਂ, ਪੂਰੇ ਦੇਸ਼ ਦੇਲੋਕਾਂ ਦੀ ਜ਼ਮੀਨ ਦੀ ਰਾਖੀ ਲਈ ਕੁਰਬਾਨੀ ਦਿੱਤੀ ਹੈ। ਇਹ ਸਮਾਂ ਦਸਮ ਪਿਤਾ ਦੇ ਪਰਵਾਰ ਤੇ ਦਿੱਲੀ ਮੋਰਚੇ ਦੇ ਸ਼ਹੀਦਾਂ ਨੂੰ ਯਾਦਕਰਨ ਦਾ ਸਮਾਂ ਹੈ ਤੇ ਉਨ੍ਹਾਂ ਨੂੰ ਯਾਦ ਕਰਦਿਆਂ ਭਾਈਚਾਰਕ ਤੰਦਾਂ ਕਮਜ਼ੋਰ ਨਹੀਂ ਹੋਣੀਆਂ ਚਾਹੀਦੀਆਂ। ਪੰਜਾਬੀਓ, ਸੋਚਣ-ਸੰਭਲਣ ਦਾ ਵੇਲਾ ਹੈ। ਪੰਜਾਬ ਦੇ ਦੋਖੀਆਂ ਨੂੰ ਪੰਜਾਬ ਦੀ ਪੱਗ ਦਾ ਬੁਲੰਦ ਹੋਇਆ ਸ਼ਮਲਾ ਪਚ ਨਹੀਂ ਰਿਹਾ! ਉਨ੍ਹਾਂ ਜ਼ਹਿਰੀਲੇ ਨਾਗ ਇਸ ਦੀ ਫਿਜ਼ਾ 'ਚ ਜ਼ਹਿਰ ਘੋਲਣ ਲਈ ਛੱਡ ਦਿੱਤੇ ਹਨ! ਇਹ ਨਾਗ ਕਿਸ ਨਾਗਪੁਰੀ ਤੋਂ ਆ ਰਹੇ ਹਨ, ਤੁਸੀ ਸਭ ਜਾਣਦੇ ਹੋ ! ਆਪੋ-ਆਪਣੀਆਂ ਇਬਾਦਤਗਾਹਾਂ ਦੀ ਰਾਖੀ ਖ਼ੁਦ ਕਰੋ, ਹੁਕਮਰਾਨਾਂ ਤੋਂ ਆਸ ਨਾ ਰੱਖੋ...! ਗੁਰੂ ਗ੍ਰੰਥ ਸਾਹਿਬ, ਕੁਰਾਨ, ਰਮਾਇਣ, ਬਾਈਬਲ ਤੁਹਾਡੇ ਲਈ ਪਵਿੱਤਰ ਗ੍ਰੰਥ ਹਨ, ਤੁਸੀ ਦਿਲੋਂ ਸਤਿਕਾਰਦੇ ਹੋ ਇਨ੍ਹਾਂ ਗ੍ਰੰਥਾਂ ਨੂੰ ਪਰ ਜ਼ਹਿਰੀਲੀ ਤੇ ਖੂਨੀ ਖੇਡਖੇਡਣ ਵਾਲਿਆਂ ਲਈ ਇਹ ਸਭ ਤੁਹਾਨੂੰ ਆਪਣੀ ਫਾਹੀ 'ਚ ਫਸਾਉਣ ਵਾਲੇ ਹਥਿਆਰ ਹਨ। ਇਸ ਹਥਿਆਰ ਰਾਹੀਂ ਉਹਤੁਹਾਨੂੰ ਖਿੰਡਾ ਕੇ ਵੋਟਾਂ ਇਕੱਠੀਆਂ ਕਰਦੇ ਹਨ ਤੇ ਸੱਤਾ 'ਚ ਆ ਕੇ ਤੁਹਾਨੂੰ ਮੰਗਤੇ ਬਣਨ ਲਈ ਮਜਬੂਰ ਕਰਦੇ ਹਨ। ਇਸ ਲਈਆਪਣੇ ਪਵਿੱਤਰ ਗ੍ਰੰਥਾਂ ਨੂੰ ਉਨ੍ਹਾਂ ਦੇ ਹਥਿਆਰ ਨਾ ਬਣਨ ਦਿਓ। ਜਦ ਵੀ ਕੋਈ ਸ਼ਰਾਰਤੀ ਅਨਸਰ ਫੜਿਆ ਜਾਂਦਾ ਹੈ ਤਾਂ ਉਸਦੀਖ਼ੁਦ ਕੁੱਟ-ਮਾਰ ਕਰਨ ਦੀ ਥਾਂ ਸੰਬੰਧਤ ਪ੍ਰਬੰਧਕ ਕਮੇਟੀ ਦੇ ਜ਼ਿੰਮੇਵਾਰ ਵਿਅਕਤੀਆਂ ਹਵਾਲੇ ਕਰੋ। ਭੜਕਾਹਟ 'ਚ ਆ ਕੇ ਕੋਈਅਜਿਹੀ ਹਰਕਤ ਨਾ ਕਰੋ ਕਿ ਉਲਟਾ ਤੁਸੀਂ ਹੀ ਕਾਨੂੰਨ ਦੇ ਲਪੇਟੇ 'ਚ ਆ ਜਾਓ ! ਦਰਬਾਰ ਸਾਹਿਬ 'ਚ ਮਾਰਿਆ ਜਾਣ ਵਾਲਾਵਿਅਕਤੀ ਵੀ ਸਹੀ ਸਲਾਮਤ ਪ੍ਰਬੰਧਕਾਂ ਹਵਾਲੇ ਕੀਤਾ ਜਾ ਸਕਦਾ ਸੀ, ਇੱਥੋਂ ਤੱਕ ਕਿ ਵਾਰਦਾਤ ਤੋਂ ਪਹਿਲਾਂ ਹੀ ਕਾਬੂ ਕੀਤਾ ਜਾਸਕਦਾ ਸੀ ਪਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਅਜਿਹਾ ਕੀਤਾ ਨਹੀਂ...! ਕਿਉਂ, ਇਹ ਸੁਆਲ ਇਸ ਫੋਰਸ ਦੇ ਮੁਖੀ ਨੂੰਕੀਤਾ ਜਾਵੇ ਤਾਂ ਬਿਹਤਰ ਰਹੇਗਾ ।

ਇਸ ਮੌਕੇ ਆਪਣੇ ਸਭਨਾਂ ਦੇ ਮੋਢਿਆਂ 'ਤੇ ਬਹੁਤ ਵੱਡੀ ਜ਼ਿੰਮੇਵਾਰਾਂ ਹੈ। ਆਪਾਂ ਪੰਜਾਬ ਨੂੰ ਮੁੜ ਕਤਲਗਾਹ ਨਹੀਂ ਬਣਨ ਦੇਣਾ! ਆਪਣੇ ਆਪ ਨੂੰ ਕੇਵਲ ਇੱਕ ਵਿਅਕਤੀ ਨਹੀਂ ਸਗੋਂ ਪੰਜਾਬ ਹੀ ਸਮਝੋ ਤੇ ਹਰ ਪਲ ਆਪਣੇ ਆਪ ਨੂੰ ਕਹਿੰਦੇ ਰਹੋ, "ਜ਼ਰਾ ਸੰਭਲਕੇ ਪੰਜਾਬ ਸਿੰਹਾਂ।।! ਬਹੁਤ ਦੇਰ ਬਾਅਦ ਤੇਰਾ ਸ਼ਮਲਾ ਬੁਲੰਦ ਹੋਇਆ ਹੈ। ਆਪਣੀ ਪੱਗ ਦਾ ਖਿਆਲ ਰੱਖ੩ਆਪਣੀ ਪੱਗਦੂਸਰੇ ਹੱਥ ਨਹੀਂ ਫੜਾਈ ਦੀ!"




## AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472



## J & S Insulation & Rebar Ltd.





Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates
Best Price

Sarbjit: 604.841.9849



## SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates





Daljit Singh
778-549-3605
E: singh.mand@icloud.com

# ਸਿਰਫ਼ ਉਹੀ ਪ੍ਰਾਜੈਕਟ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਤੇ ਮੈਨੂੰ ਯਕੀਨ ਹੋਵੇ-ਪਰਿਨੀਤੀ

ਨਵੀਂ ਦਿੱਲੀ-ਅਦਾਕਾਰਾ ਪਰਿਨੀਤੀ ਚੋਪੜਾ ਨੇ ਕਿਹਾ ਹੈ ਕਿ ਉਹ ਕਦੇ ਵੀ ਕੋਈ ਪ੍ਰਾਜੈਕਟ ਕਿਸੇ ਗਲਤ ਕਾਰਨ ਕਰਕੇ ਨਹੀਂ ਕਰਨਾ ਚਾਹੇਗੀ। ਉਹ ਸਿਰਫ਼ ਉਨ੍ਹਾਂ ਵਿਸ਼ਿਆਂ ਤੇ ਹੀ ਫਿਲਮਾਂ ਕਰਨਾ ਚਾਹੁੰਦੀ ਹੈ, ਜਿਨ੍ਹਾਂ ਤੇ ਉਸ ਨੂੰ ਖ਼ੁਦ ਨੂੰ ਯਕੀਨ ਹੈ। ਜ਼ਿਕਰਯੋਗ ਹੈ ਕਿ 2021 ਵਿੱਚ ਪਰਿਨੀਤੀ ਦੀਆਂ ਤਿੰਨ ਫਿਲਮਾਂ 'ਦਿ ਗਰਲ ਔਨ ਦਿ ਟਰੇਨ , 'ਸਾਇਨਾ ਅਤੇ 'ਸੰਦੀਪ ਔਰ ਪਿੰਕੀ ਫਰਾਰ ਆਈਆਂ ਹਨ।



ਆਉਣ ਵਾਲੇ ਸਮੇਂ ਵਿੱਚ ਉਹ ਕਿਹੋ ਜਿਹੀਆਂ ਫਿਲਮਾਂ ਕਰਨਾ ਚਾਹੁੰਦੀ ਹੈ, ਇਸ ਬਾਰੇ ਗੱਲ ਕਰਦਿਆਂ ਅਦਾਕਾਰਾ ਨੇ ਕਿਹਾ, 'ਮੈਂ ਸਿਰਫ਼ ਉਹੀ ਪ੍ਰਾਜੈਕਟ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਤੇ ਮੈਨੂੰ ਯਕੀਨ ਹੈ। ਮੈਂ ਕਿਸੇ ਗਲਤ ਕਾਰਨ ਕਰਕੇ ਕੋਈ ਵੀ ਫਿਲਮ ਨਹੀਂ ਕਰਨਾ ਚਾਹੁੰਦੀ। ਪਰਿਨੀਤੀ ਨੇ ਕਿਹਾ, 'ਕਈ ਵਾਰ ਤੁਸੀਂ ਕੋਈ ਫਿਲਮ ਕਿਸੇ ਅਦਾਕਾਰ ਕਰਕੇ ਕਰਦੇ ਹੋ, ਕਈ ਵਾਰ ਕਿਸੇ ਐਸੇ ਗੀਤ ਕਰਕੇ, ਜੋ ਤੁਹਾਨੂੰ ਪਸੰਦ ਆਇਆ ਹੋਵੇ ਜਾਂ ਕਈ ਵਾਰ ਤੁਸੀਂ ਇਸ ਲਈ ਵੀ ਫਿਲਮ ਕਰ ਲੈਂਦੇ ਹੋ ਕਿਉਂਕਿ ਤੁਹਾਡੇ ਕੋਲ ਖਾਲੀ ਸਮਾਂ ਹੈ।।ਪਰ ਮੈਂ ਸਦਾ ਹੀ ਅਜਿਹਾ ਕਿਰਦਾਰ ਨਿਭਾਉਣਾ ਚਾਹਿਆ ਹੈ, ਜੋ ਮੈਨੂੰ ਪ੍ਰਭਾਵਿਤ ਕਰਦਾ ਹੈ।

## ਨਿੱਕ ਜੋਨਸ ਦੀ ਪਤਨੀ ਕਹਿਣ ਤੇ ਭੜਕੀ ਪ੍ਰਿਯੰਕਾ ਚੋਪੜਾ



ਮੁੰਬਈ-ਆਪਣੀ ਆਉਣ ਵਾਲੀ ਫਿਲਮ 'ਦਿ ਮੈਟਰਿਕਸ ਰੀਸਰੱਕਸ਼ਨਜ਼ ਦੇ ਪ੍ਰਚਾਰ ਵਿੱਚ ਰੁੱਝੀ ਅਦਾਕਾਰਾ ਪ੍ਰਿਯੰਕਾ ਚੋਪੜਾ ਅੱਜ ਇੱਕ ਮੀਡੀਆ ਅਦਾਰੇ ਵੱਲੋਂ ਪ੍ਰਕਾਸ਼ਿਤ ਰਿਪੋਰਟ ਵਿੱਚ ਉਸ ਨੂੰ 'ਨਿੱਕ ਜੋਨਸ ਦੀ ਪਤਨੀ ਦੱਸੇ ਜਾਣ ਤੇ ਭੜਕ ਗਈ। ਪ੍ਰਿਯੰਕਾ ਚੋਪੜਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਤੇ ਨਿਊਜ਼ ਰਿਪੋਰਟ ਦਾ ਸਕਰੀਨ ਸ਼ਾਟ ਸਾਂਝਾ ਕਰਦਿਆਂ ਕਿਹਾ ਕਿ ਉਸ ਨੂੰ ਸਮਝ ਨਹੀਂ ਆ ਰਹੀ ਕਿ ਅੱਜ ਵੀ ਔਰਤਾਂ ਨਾਲ ਅਜਿਹਾ ਕਿਉਂ ਹੁੰਦਾ ਹੈ ? ਹਾਲਾਂਕਿ ਅਦਾਕਾਰਾ ਨੇ ਮੀਡੀਆ ਅਦਾਰੇ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਹੈ। ਉਸ ਨੇ ਆਖਿਆ, "ਕਿੰਨੀ ਹੈਰਾਨੀ ਦੀ ਗੱਲ ਹੈ ਕਿ ਮੈਂ ਸਭ ਤੋਂ ਮਸ਼ਹੂਰ ਫਿਲਮ ਫਰੈਂਚਾਈਜ਼ ਵਿੱਚੋਂ ਇੱਕ ਦਾ ਪ੍ਰਚਾਰ ਕਰ ਰਹੀ ਹਾਂ ਪਰ ਹਾਲੇ ਵੀ ਮੈਨੂੰ ਕਿਸੇ ਦੀ ਪਤਨੀ ਦੇ ਵਜੋਂ ਜਾਣਿਆ ਜਾ ਰਿਹਾ ਹੈ...। ਉਸ ਨੇ ਆਖਿਆ, "ਕਿਰਪਾ ਕਰਕੇ ਦੱਸਿਆ ਜਾਵੇ ਕਿ ਹਾਲੇ ਵੀ ਔਰਤਾਂ ਨਾਲ ਅਜਿਹਾ ਕਿਉਂ ਹੋ ਰਿਹਾ ਹੈ ? ਕੀ ਮੈਨੂੰ ਆਪਣੇ ਬਾਇਓ ਵਿੱਚ ਆਈਐੱਮਡੀਬੀ (ਇੰਟਰਨੈੱਟ ਮੂਵੀ ਡਾਟਾਬੇਸ) ਜੋੜਨਾ ਚਾਹੀਦਾ ਹੈ ? ਅਦਾਕਾਰਾ ਨੇ ਪੋਸਟ ਨੂੰ ਨਿੱਕ ਜੋਨਸ ਨਾਲ ਵੀ ਟੈਗ ਕੀਤਾ ਹੈ।






# ’84 ਦੇ ਮਹਾਂ-ਦੁਖਾਂਤ ਨੂੰ ‘ਸਿੱਖ ਨਸਲਕੁਸ਼ੀ’ ਵਜੋਂ ਕੌਮਾਂਤਰੀ ਪੱਧਰ ’ਤੇ ਸਵਿਕਾਰਨ ਲਈ ਆਵਾਜ਼ ਬੁਲੰਦ

## ਗੁਰਪ੍ਰੀਤ ਸਿੰਘ ਦੀ ਸਿੱਖ ਨਸਲਕੁਸ਼ੀ ਬਾਰੇ ਕਿਤਾਬ ਸਰੀ ’ਚ ਲੋਕ ਅਰਪਣ





ਸਰੀ-ਸਿੱਖ ਨਸਲਕੁਸ਼ੀ ਦੇ ਦੁਖਾਂਤ ਬਾਰੇ ਲੇਖਕ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਨਵ-ਪ੍ਰਕਾਸ਼ਿਤ ਕਿਤਾਬ, ‘ਨੋਟਸ ਔਨ 1984‘ 20 ਦਸੰਬਰ, ਦਿਨ ਸੋਮਵਾਰ ਨੂੰ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ- ਡੈਲਟਾ ਵਿਖੇ ਸਥਿਤ ‘ਗੁਰੂ ਨਾਨਕ ਨਿਵਾਸ ਸੀਨੀਅਰ ਸੈਂਟਰ‘ ਵਿਖੇ, ਦੁਪਹਿਰ 12 ਵਜੇ ਲੋਕ ਅਰਪਣ ਕੀਤੀ ਗਈ। ਨਵੰਬਰ ਚੁਰਾਸੀ ਸਿੱਖ ਨਸਲਕੁਸ਼ੀ ਵਿਚ ਨੌਜੁਆਨ ਪੁੱਤ, ਜਵਾਈ ਅਤੇ ਕੁੜਮ ਸਮੇਤ ਪੰਜ ਪਰਿਵਾਰਕ ਮੈਂਬਰਾਂ ਦੀਆਂ ਹੱਤਿਆਵਾਂ ਦੇ ਦੁਖਾਂਤ ਹੱਡੀਂ ਹੰਢਾਉਣ ਵਾਲੀ ਬਜ਼ੁਰਗ ਬੀਬੀ ਦਲਜੀਤ ਕੌਰ ਤੁਲੀ ਵੱਲੋਂ ਇਹ ਕਿਤਾਬ ਰਿਲੀਜ਼ ਕੀਤੀ ਗਈ। ਮੁੱਖ ਬੁਲਾਰੇ ਡਾ ਗੁਰਵਿੰਦਰ ਸਿੰਘ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਦਾ ਫ਼ਰਜ਼ ਬਣਦਾ ਹੈ ਕਿ 1984 ਦੇ ਮਹਾਂ-ਦੁਖਾਂਤ ਨੂੰ ‘ਸਿੱਖ ਨਸਲਕੁਸ਼ੀ’ ਵਜੋਂ ਸਵੀਕਾਰ ਕਰੇ ਅਤੇ ਇਸ ਨਸਲਕੁਸ਼ੀ ਖ਼ਿਲਾਫ਼ ਕੈਨੇਡਾ ਦੀ ਪਾਰਲੀਮੈਂਟ ‘ਚ ਮਤਾ ਉਸੇ ਤਰਜ਼ ਤੇ ਪਾਸ ਕਰੇ, ਜਿਵੇਂ ਹਾਲ ਹੀ ਵਿਚ ਚੀਨ ਵਿਚ ਘੱਟ-ਗਿਣਤੀ ਉਈਗਰ ਮੁਸਲਿਮ ਭਾਈਚਾਰੇ ਦੀ ਨਸਲਕੁਸ਼ੀ ਸਬੰਧੀ ਮਤਾ ਪਾਸ ਕੀਤਾ ਗਿਆ ਹੈ ਅਤੇ ਚੀਨ ਵਿਚ ਹੋਣ ਵਾਲੀਆਂ 2022 ਦੀਆਂ ਸਰਦ ਰੁੱਤ ?ਲੰਪਿਕ ਖੇਡਾਂ ਦਾ ਵੀ ਕੈਨੇਡਾ ਵੱਲੋਂ ਕੂਟਨੀਤਕ ਰਾਜਸੀ ਬਾਈਕਾਟ ਕੀਤਾ ਗਿਆ ਹੈ। ‘ਨੋਟਸ ਔਨ 1984‘ ਦੇ ਲੇਖਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਦੱਸਿਆ ਕਿ ਇਸ ਕਿਤਾਬ ਰਾਹੀਂ ਉਸ ਨੇ ਸਿੱਖਾਂ ਦੀ ਨਸਲਕੁਸ਼ੀ ਦੇ ਮੁੱਦੇ ਨੂੰ ਉਭਾਰਦਿਆਂ, ਇਸ ਦਾ ਮੁਲਾਂਕਣ ਕੌਮਾਂਤਰੀ ਪੱਧਰ ਦੇ ਘੱਲੂਘਾਰਿਆਂ ਅਤੇ ਨਸਲਕੁਸ਼ੀਆਂ ਨੂੰ ਸਾਹਮਣੇ ਰੱਖ ਕੇ ਕੀਤਾ ਹੈ। ਲੇਖਕ ਅਨੁਸਾਰ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਕੀਤੀ ਸਿੱਖ ਨਸਲਕੁਸ਼ੀ ਦੀ ਤਰਜ਼ ਉੱਤੇ ਹੀ, ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਨੇ ਮੁਸਲਿਮ ਕਤਲੇਆਮ ਅਤੇ ਫਿਰ ਉੜੀਸਾ ਵਿੱਚ ਇਸਾਈਆਂ ਦੇ





ਕਤਲ ਅਤੇ ਹੋਰ ਘੱਟ ਗਿਣਤੀਆਂ, ਮੂਲ-ਨਿਵਾਸੀਆਂ ਅਤੇ ਦਲਿਤਾਂ ਤੇ ਜਬਰ ਕੀਤੇ ਅਤੇ ਅੱਜ ਵੀ ਹੋ ਰਹੇ ਹਨ। ਸਰੀ ਸੈਂਟਰਲ ਤੋਂ ਲਿਬਰਲ ਪਾਰਟੀ ਦੇ ਐੱਮਪੀ ਰਣਦੀਪ ਸਿੰਘ ਸਰਾਏ ਨੇ ਕਿਹਾ ਕਿ ਲੇਖਕ ਵੱਲੋਂ ਮਨੁੱਖੀ ਹੱਕਾਂ ਲਈ ਸਦਾ ਹੀ ਬੁਲੰਦ ਕੀਤੀ ਜਾਂਦੀ ਆਵਾਜ਼ ਉਨ੍ਹਾਂ ਨੂੰ ਹਲੂਣਾ ਦਿੰਦੀ ਹੈ ਬੀਸੀ ਵਿਧਾਨ ਸਭਾ ਵਿੱਚ ਨਸਲਵਾਦ ਦੇ ਮੁੱਦਿਆਂ ਤੇ ਸੰਸਦੀ ਸਕੱਤਰ ਅਤੇ ਲੇਖਕ ਦੀ ਸੁਪਤਨੀ ਬੀਬੀ ਰਚਨਾ ਸਿੰਘ ਨੇ ਕਿਤਾਬ ਦੇ ਹਵਾਲੇ ਨਾਲ ਕਿਹਾ ਕਿ ਸਿੱਖ ਨਸਲਕੁਸ਼ੀ ਦੇ ਦੁਖਾਂਤ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਹੋਰਨਾਂ ਬੁਲਾਰਿਆਂ ਵਿਚ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ, ਮਨੁੱਖੀ ਅਧਿਕਾਰ ਕਾਰਕੁਨ ਐਨੀ ਓਹਾਨਾ, ਮੀਡੀਆ ਸ਼ਖ਼ਸੀਅਤ ਨਵਜੋਤ ਕੌਰ ਢਿੱਲੋਂ ਤੂੰ ਇਲਾਵਾ ਜਰਨੈਲ ਸਿੰਘ ਚਿਤਰਕਾਰ, ਕੇਸਰ ਸਿੰਘ ਕੂਨਰ, ਇਮਤਿਆਜ਼ ਪੋਪਟ, ਇਕਬਾਲ ਢੱਟ, ਕੁਲਵਿੰਦਰ ਸਿੰਘ ਅਤੇ ਜਸਜੀਤ ਸਮੁੰਦਰੀ ਸਮੇਤ ਨਾਮਵਰ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ। ਲੋਕ ਪੱਖੀ ਸ਼ਾਇਰ ਅੰਮ੍ਰਿਤ ਦੀਵਾਨਾ ਨੇ ਸਮਾਗਮ ਦਾ ਸੰਚਾਲਨ ਬਾਖ਼ੂਬੀ ਨਿਭਾਇਆ, ਜਦਕਿ ਕੰਵਲਜੀਤ ਸਿੰਘ ਥਿੰਦ (ਮਹਿਕ ਪੰਜਾਬ ਦੀ ਟੈਲੀਵਿਜ਼ਨ), ਅਮਿਤ ਪਨੇਸਰ (ਚੈਨਲ ਪੰਜਾਬੀ ਅਤੇ ਗਲੋਬਲ ਪੰਜਾਬ ਟੀ ਵੀ), ਬਲਜਿੰਦਰ ਕੌਰ (ਸਾਂਝਾ ਟੀਵੀ) ਅਤੇ ਸ਼ਰਨਜੀਤ ਸਿੰਘ (ਪ੍ਰਾਈਮ ਏਸ਼ੀਆ ਟੈਲੀਵਿਜ਼ਨ) ਵੱਲੋਂ ਸਮਾਗਮ ਦੀ ਭਾਵਪੂਰਤ ਢੰਗ ਨਾਲ ਕਵਰੇਜ ਕੀਤੀ ਗਈ। ਕਿਤਾਬ ਰਿਲੀਜ਼ ਸਮਾਰੋਹ ਦੇ ਪ੍ਰਬੰਧ ਵਿੱਚ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਹ ਕਿਤਾਬ ਮਰਹੂਮ ਪੱਤਰਕਾਰ ਅਤੇ ਐਕਟਿਵਿਸਟ ਜਰਨੈਲ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ, ਜਿਨ੍ਹਾਂ ਦਿੱਲੀ ਵਿਧਾਨ ਸਭਾ ‘ਚ ‘ਸਿੱਖ ਨਸਲਕੁਸ਼ੀ 1984’ ਦਾ ਮਤਾ ਪਾਸ ਕਰਵਾਇਆ ਸੀ।


MORTGAGE

If you are paying more than

1.30%*

(5 Years VIRM 30 Years Ammortization)

Call us NOW to Lower your Rate!

RAJ GILL HAS “NO STRESS MORTGAGE”

Superior Mortgage

Unit 244-8138-128 Street, Surrey

Our Symbol of Care & Service

604 507 1000





Manulife Reduced 13% Term Rates For Limited Time

www.KaliaFinancial.com

Kalia Insurance and Financial Services

Sudesh K. Kalia 604.728.6740 KFinancial@shaw.ca

Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ

ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

ਜੈ ਰਾਜਾ ਸਾਹਿਬ ਜੀ

ਜੈ ਰਾਜਾ ਸਾਹਿਬ ਜੀ

ਜਹਾਂ ਹੈ ਸੰਯੋਗ ਤਹਾਂ ਹੋਵਦਾਂ ਬਯੋਗ ਰੋਗ ਭੋਗ ਨੂੰ ਤਿਆਗ ਕਿਉ ਮਿਟਾਏ ਸੋਗੁ ਉਤ ਨਾਂ।
ਬੇਲਾ ਆਖਰੀ ਜੁਦਾਈ ਨਾ ਸਹਾਈ ਭੈਣ ਭਾਈ ਮੀਤ ਦਾਸ ਭਗਵਾਂਨ ਕਿਉ ਹੋਵੇ ਅਵਧੂਤ ਨਾਂ॥



# 57ਵੀਂ ਬਰਸੀਂ

## ਹਜ਼ੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਅਨੰਨ ਸੇਵਕ ਸੰਤ ਅਵਧੂਤ ਮਹਾਰਾਜ ਜੀ ਦੀ 57ਵੀਂ ਬਰਸੀਂ ਸਭ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰਾ ਸਾਹਿਬ 7271 Gilley AVE Burnaby ਵਿਖੇ ਜਨਵਰੀ 7.8.9 2022 ਨੂੰ ਮਨਾਈ ਜਾ ਰਹੀ ਹੈ।

**2 ਆਰੰਭ ਸ਼੍ਰੀ ਆਖੰਡਪਾਠ ਸਾਹਿਬ ਸਵੇਰੇ 10:00 ਵਜੇ ਸ਼ੁੱਕਰਵਾਰ 7 ਜਨਵਰੀ 2022**

**ਭੋਗ ਸ਼੍ਰੀ ਆਖੰਡਪਾਠ ਸਾਹਿਬ ਸਵੇਰੇ 10:00 ਵਜੇ ਐਤਵਾਰ 9 ਜਨਵਰੀ 2022**

ਆਖੰਡਪਾਠ ਸਾਹਿਬ ਜੀ ਦੇ ਭੋਗ ਤੋਂ ਬਾਅਦ ਗੁਰੂ ਘਰ ਦਾ ਕੀਰਤਨੀ ਜੱਥਾ ਰਾਜਾ ਸਾਹਿਬ ਜੀ ਅਤੇ ਸੰਤ ਅਵਧੂਤ ਮਹਾਰਾਜ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ।
ਤਿੰਨੇ ਦਿਨ ਲੰਗਰਾਂ ਅਤੇ ਦੇਗਾਂ ਦੀ ਸੇਵਾ ਸਮੂਹ ਸਰਧਾਲੂ ਸੰਗਤਾਂ ਵਲੋਂ ਹੋਵੇਗੀ।

**ਹੋਰ ਜਾਣਕਾਰੀ ਲਈ ਇਹਨਾਂ ਤੇ ਸੰਪਰਕ ਕਰੋ ਜੀ।**

| | | |
|---|---|---|
| ਝਲਮਣ ਸਿੰਘ ਸਿੱਧੂ | ਗੁਰਦੇਵ ਸਿੰਘ ਸਿੱਧੂ | ਸ਼ਿੰਦਰ ਸਹੋਤਾ |
| 604-773-5850 | 1-250-498-1744 | 778-239-7878 |
| ਬਲਬੀਰ ਹੀਰ | ਰਮੇਸ਼ ਸਰੋਆ | ਬੌਬੀ ਢੀਂਡਸਾ |
| 778-552-0028 | 604-341-2652 | 604-728-3802 |

**ਹੋਰ ਜਾਣਕਾਰੀ ਲਈ ਗੁਰੂ ਘਰ ਦਾ ਫੋਨ ਨੰਬਰ 604-435-9997**



fruiticana hee jaana!
Merry Christmas and a Happy New Year 2022
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Green Pepper
ਹਰੀ ਸ਼ਿਮਲਾ ਮਿਰਚਾਂ
99¢ lb
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb
Nanak Rasmalai 3 Flavours 850 g
ਨਾਨਕ ਰਸਮਲਾਈ ਵੱਖ-ਵੱਖ ਫਲੇਵਰ
$7.99 pkg.
Nanak Gulabjamun 908 g
ਨਾਨਕ ਗੁਲਾਬ ਜਾਮੁਨ
$6.99 pkg.
Nanak Dahi Kebabs
ਨਾਨਕ ਦਹੀ ਕਬਾਬ
$7.99 pkg.
Chickpeas 4 lbs Indican
ਇੰਡੀਕੇਨ ਚਿੱਟੇ ਛੋਲੇ
$3.99 bag
Extra Extra Super Special
Yellow Onions 50 lbs
ਪੀਲੇ ਗੰਢੇ
$10.98 bag
Extra Super Super Special
Jumbo Cauliflower
ਵੱਡਾ ਗੋਬੀ ਦਾ ਫੁੱਲ
$2.49 ea.
Extra Super Super Special
Roma Tomatoes
ਰੋਮਾ ਟਮਾਟਰ
99¢ lb
Super Special
Desi Karela
ਦੇਸੀ ਕਰੇਲਾ
99¢ lb
Super Special
English Cucumbers
ਇੰਗਲਿਸ਼ ਖੀਰੇ
2 for 99¢
Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Super Special
Maggi Masala Noodles 70 g
ਮੈਗੀ ਮਸਾਲਾ ਨੂਡਲਸ
3 Pkgs. for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Fresh Ginger
ਤਾਜ਼ਾ ਅਦਰਕ
$1.49 lb
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Opo Squash
ਓਪੋ ਕੱਦੂ
88¢ lb
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb
Reg. Large Eggplant
ਵੱਡੇ ਬਤਾਊਂ
99¢ ea.
Fresh Garlic
ਤਾਜ਼ਾ ਲਸਣ
$1.49 lb
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb
Pesi Gur Plain
ਪੇਸ਼ੀ ਗੁੜ
$2.49 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag
Product images may differ from the actual product.
Thur Dec 23, 2021 - Wed Dec 29, 2021
We reserve the right to limit the quantities while they last
Specials valid for Lower Mainland only
fruiticana SINCE 1994
Head Office: 7676 Anvil Way, Surrey
604-502-0005
www.fruiticana.com
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
HOLIDAY HOURS
Dec 25th 2021 & Jan 1st 2022
9:00 am to 6:00 pm
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520